# ਸ਼ਕੁੰਤਲਾ

ਸੁਰਜੀਤ ਸਿੰਘ ਕਾਲੇਕੇ

☎ 0181-2214196

ਦੀਪਕ ਪਬਲਿਸ਼ਰਜ਼

ਮਾਈ ਹੀਰਾਂ ਗੇਟ, ਜਲੰਧਰ-144 008

**Edition : 2018**

**SHKUNTALA**
*By*
**SURJIT SINGH KALE-KE**

*Published By*
**DEEPAK PUBLISHERS**
Mai Hiran Gate, Jalandhar-144 008
Ph: 0181-2214196
E-mail: deepakpublisher@yahoo.com
deepakpublisher@rediffmail.com

**ISBN 978 - 93 - 85646 - 55 - 3**

*ਪ੍ਰਕਾਸ਼ਕ*
**ਦੀਪਕ ਪਬਲਿਸ਼ਰਜ਼**
ਮਾਈ ਹੀਰਾਂ ਗੇਟ, ਜਲੰਧਰ-144 008
ਫ਼ੋਨ : 0181-2214196

**ਸ਼ਕੁੰਤਲਾ**
(ਲੇਖਕ)
**ਸੁਰਜੀਤ ਸਿੰਘ ਕਾਲੇਕੇ**

*ਛਾਪਕ*
**ਬਾਲਾ ਜੀ ਆਫ਼ਸੈੱਟ**
**ਦਿੱਲੀ**

**ਮੁੱਲ**
*325 ਰੁਪਏ*

# ਸਮਰਪਣ

ਆਪਣੇ ਮਾਤਾ ਪਿਤਾ ਜੀ ਨੂੰ

# ਮੁੱਖ-ਬੰਦ

ਪੰਜਾਬੀ ਕਾਵਿ ਦਾ ਆਰੰਭ ਭਾਵੇਂ 13 ਵੀਂ ਸਦੀ ਈਸਵੀ ਵਿਚ ਹੀ ਹੋ ਗਿਆ ਸੀ ਪਰ ਖੰਡ-ਕਾਵਿ ਤੇ ਮਹਾਂ-ਕਾਵਿ ਦੀ ਘਾਟ ਅੱਜ ਵੀ ਇਸ ਖੇਤਰ ਵਿਚ ਖਟਕਦੀ ਹੈ।

ਭਾਈ ਵੀਰ ਸਿੰਘ ਦਾ ਮਹਾਂ-ਕਾਵਿ ਰਾਣਾ ਸੂਰਤ ਸਿੰਘ 20 ਵੀਂ ਸਦੀ ਦੇ ਆਰੰਭ ਵਿਚ ਰਚਿਆ ਗਿਆ, ਪੰਜਾਬੀ ਦਾ ਪਲੇਠਾ ਮਹਾਂ-ਕਾਵਿ ਹੈ। ਇਸ ਤੋਂ ਪਿਛੋਂ ਹੁਣ ਤਕ ਇਕ ਦਰਜਨ ਚੰਗੇ ਮਹਾਂ-ਕਾਵਿ ਪੰਜਾਬੀ ਵਿਚ ਨਹੀਂ ਰਚੇ ਗਏ।

ਪਰ ਹੁਣ ਇਕ ਅਸਲੋਂ ਹੀ ਨੌਖੇਜ ਲੇਖਕ ਸੁਰਜੀਤ ਸਿੰਘ ਕਾਲੇਕੇ ਨੇ ਆਪਣਾ ਕਾਵਿ-ਸਫਰ ਮਹਾਂ-ਕਾਵਿ ਨਾਲ ਆਰੰਭ ਕਰਕੇ ਮੈਨੂੰ ਹੈਰਾਨ ਕਰ ਦਿੱਤਾ ਹੈ। ਮੈਂ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿ ਇਹ ਮਹਾਂ-ਕਾਵਿ ਹੈ ਜਾਂ ਖੰਡ-ਕਾਵਿ ਹੈ। ਕੁੱਝ ਵੀ ਹੋਵੇ ਇਹ ਅਧਿਆਤਮਿਕ, ਰੋਮਾਂਸਵਾਦ ਨਾਲ ਲਬਰੇਜ਼ ਇੱਕ ਬਹੁਤ ਹੀ ਸੁੰਦਰ ਅਤੇ ਮਾਨਣ ਯੋਗ ਰਚਨਾ ਹੈ। ਉੱਜ ਵੀ ਲੇਖਕ ਨੇ ਆਪ ਹੀ ਬਹੁਤ ਸਾਰੀਆਂ ਗੱਲਾਂ ਆਪਣੇ ਕਥਨ ਵਿਚ ਸਾਫ਼ ਕਰ ਦਿੱਤੀਆਂ ਹਨ।

ਮੈਂ ਤਾਂ ਇਸ ਕਵਿਤਾ ਦੇ ਪ੍ਰਭਾਵ ਹੀ ਬਤੌਰ ਇਕ ਪਾਠਕ ਦੇ ਦੂਸਰਿਆਂ ਪਾਠਕਾਂ ਨਾਲ ਸਾਂਝੇ ਕਰਨਾ ਚਾਹਵਾਂਗਾ। ਇਸ ਕਾਵਿ-ਰਚਨਾ ਨੂੰ ਪੜ੍ਹ ਕੇ ਸਭ ਤੋਂ ਪਹਿਲਾ ਪ੍ਰਭਾਵ ਇਹ ਪੈਂਦਾ ਹੈ ਕਿ ਲੇਖਕ ਨੂੰ ਮੌਸਮਾਂ, ਫੁੱਲਾਂ, ਬਨਸਪਤੀ, ਰੁੱਖਾਂ, ਸਮੇਂ ਦੇ ਪਹਿਰਾਂ, ਨਦੀਆਂ, ਝਰਨਿਆਂ, ਪਸ਼ੂ-ਪੰਛੀਆਂ ਦੀ ਸੂਰਤ, ਸੀਰਤ ਤੇ ਕੈਫ਼ੀਅਤ ਦਾ ਬਹੁਤ ਗਿਆਨ ਹੈ। ਇਹ ਗਿਆਨ ਨਾ ਕਿਤਾਬੀ ਹੈ ਨਾ ਸੁਣਿਆ ਸੁਣਾਇਆ ਗਿਆਨ ਹੈ ਬਲਕਿ ਇਲਮੁਲ-ਐਨ ਹੈ। ਰਚਨਾ ਦਾ ਮਾਧਿਅਮ ਭਾਵੇਂ ਇਲਮੁਲ-ਐਨ (ਜ਼ਾਤੀ ਅਨੁਭਵ) ਇਲਮੁਲ ਸ਼ੁਨੀਦ (ਸੁਣਿਆ-ਸੁਣਾਇਆ) ਤੇ ਇਲਮੁਲ-ਯਕੀਨ ਤਿੰਨੇ ਸੋਮੇਂ ਹਨ ਪਰ ਇਲਮੁਲ-ਐਨ, ਭਾਵ ਜਾਤੀ ਤਜਰਬਿਆਂ ਦਾ ਅਨੁਭਵ ਕੁੱਝ ਵਧੇਰੇ ਹੀ ਅਨੁਭੂਤੀਸ਼ੀਲ ਹੁੰਦਾ ਹੈ। ਸੁਰਜੀਤ ਸਿੰਘ ਦੀ ਇਸ ਕਾਵਿ-ਰਚਨਾ ਵਿਚ ਤਿੰਨਾਂ ਸੋਮਿਆਂ ਨੂੰ ਮਾਧਿਅਮ ਬਣਾਇਆ ਗਿਆ ਹੈ। ਇਸ ਦੀਆਂ ਉਦਾਹਰਣਾਂ ਲੇਖਕ ਦੇ ਪ੍ਰਕ੍ਰਿਤੀ-ਚਿਤ੍ਰਣ, ਮਨੋ-ਵਿਗਿਆਨਕ ਪ੍ਰਗਟਾਂ ਤੇ ਮਨੁੱਖੀ ਮਨ ਦੀ ਕੈਫ਼ੀਅਤ ਦੀ ਅਭਿਵਿਅਕਤੀ ਦੁਆਰਾ ਵੇਖੀਆਂ ਜਾ ਸਕਦੀਆਂ ਹਨ—

ਨਦੀ ਮਾਲਿਨੀ ਨਦੀ ਸੀ ਜਾਂ,<br>
ਇਹ ਕੋਈ ਸਦੀਵੀਂ ਬ੍ਰਿਹਣ ਸੀ।<br>
ਬਰਫ਼ਾਂ ਜਿਹਾ ਚਿੱਟਾ ਚਮਕੀਲਾ,

ਜਿਸ ਦਾ ਸੁੱਚਾ ਸੁੰਦਰ ਤਨ ਸੀ।

ਸਿੰਬਲ ਦੇ ਤੁੰਬਿਆਂ ਵਿਚ ਫਿਰਦੀ,

ਕੋਈ ਕੂੰਜ ਲਪੇਟੀ ਨਾਗਣਿ ਸੀ।

ਕਿਸੇ ਅਦਨ ਬਾਗ਼ ਦੀ ਮਾਲਣਿ ਸੀ,

ਕੋਈ ਸ਼ਾਲ ਲਪੇਟੀ ਦੁਲਹਨ ਸੀ।

(ਸਫ਼ਾ- 28)

ਲੇਖਕ ਨੇ ਕਈ ਥਾਵਾਂ ਤੇ ਨਾਇਕ ਤੇ ਨਾਇਕਾ ਦਾ ਸਰਾਪਾ ਵੀ ਖ਼ੂਬ ਚਿਤਰਿਆ ਹੈ। ਸਰਾਪਾ ਤੇ ਬਾਰਾਂ-ਮਾਹ ਦੀ ਸ਼ੈਲੀ ਪੰਜਾਬੀ ਸਾਹਿਤ ਦੀ ਪੰਪਰਾ ਦੇ ਵਿਸ਼ੇਸ਼ ਅੰਗ ਹਨ ਜਿਸਨੂੰ ਬੜੀ ਚਾਬਕ-ਦਸਤੀ ਨਾਲ ਨਿਭਾਇਆ ਗਿਆ ਹੈ! ਪਰ ਕਈਆਂ ਥਾਵਾਂ ਤੇ ਸ਼ਿੰਗਾਰ-ਰਸ ਦਾ ਬਿਆਨ ਕੁਝ (Erotic) ਹੋ ਗਿਆ , ਜਿਵੇਂ-

ਤਾਂਹੀਓਂ ਤੇਰੀਆਂ ਨਰਮ ਕਲਾਈਆਂ,

ਮੁੜ-ਮੁੜ ਰਹੀਆਂ ਜਾ।

ਪੋਟੇ ਤੇਰੀਆਂ ਉਂਗਲੀਆਂ ਦੇ

ਨੀਲੀ ਮਾਰਨ ਭਾਅ।

ਦੇਖਦਿਆਂ ਹੀ ਚਿਹਰਾ ਤੇਰਾ,

ਰੱਤਾ ਹੋ ਚੱਲਿਆ।

ਜਿਉਂ ਗੇਰੂ-ਪੱਥਰ ਧੁੱਪ ਦੀ,

ਗਰਮੀ ਨਾਲ ਪਾਟ ਗਿਆ।

.... ... ... ... ... ... ...

ਅੱਜ ਸੁਬ੍ਹਾ ਤੋਂ ਹਿਕ ਤੇਰੀ ਦਾ,

ਘਟਿਆ ਨਈਂ ਅਕੜਾ।

ਤੇਰੀ ਬੇਹੋਸ਼ੀ ਵਿਚ ਵੀ,

ਅਸੀਂ ਕੀਤੇ ਕਈ ਉਪਾਅ।

ਤੇਰੀਆਂ ਬੁੱਬੀਆਂ ਤੇ ਖਸ਼-ਖਸ਼ ਤੇ,

ਚੰਦਨ ਦਾ ਲੇਪ ਕੀਤਾ।

ਫਿਰ ਵੀ ਤੇਰਾ ਇਸ਼ਕ ਰਤਾ ਵੀ,

ਹੋਇਆ ਨਈਂ ਠੰਢਾ।

(ਸਫ਼ਾ–57)

ਪਰ ਉਪਰੋਕਤ ਸਤਰਾਂ ਵਿਚ ਯਥਾਰਤਕਤਾ, ਮੌਲਕਿਤਾਂ ਤੇ ਅਲੰਕਾਰਾਂ ਦੀ ਨਵੀਨਤਾ ਇਸ ਦੇ (Erotic) ਪਹਿਲੂ ਵੱਲ ਧਿਆਨ ਨਹੀਂ ਜਾਣ ਦਿੰਦੇ। ਇਕ ਪਾਠਕ ਦੇ ਨਾਤੇ ਮੈਨੂੰ ਇਸ ਕਾਵਿ–ਨਾਟਕੀ ਸ਼ੈਲੀ ਨੇ ਬਹੁਤ ਪ੍ਰਭਾਵਤ ਕੀਤਾ ਹੈ। ਆਸ ਹੈ ਕਿ ਪੰਜਾਬੀ ਲੇਖਕ ਤੇ ਪਾਠਕ ਵੀ ਇਸ ਪੁਸਤਕ ਦਾ ਸਵਾਗਤ ਕਰਨਗੇ।

**-ਜਗਤਾਰ (ਡਾ:)**

# ਚਿੰਤਨ

ਵਿਸ਼ਵ-ਸਾਹਿੱਤ ਵਿਚ ਮਹਾਂ-ਕਾਵਿ ਨੂੰ ਬੜੀ ਉੱਚੀ ਥਾਂ ਪ੍ਰਾਪਤ ਹੈ। ਇਸ ਸੰਬੰਧ ਵਿੱਚ ਯੂਰਪ ਦੇ John Milton ਦੇ Paradise Lost ਅਤੇ ਭਾਰਤੀ ਸਾਹਿਤ ਵਿਚੋਂ ਰਮਾਇਣ (ਤੁਲਸੀ) ਅਤੇ ਮਹਾਂ-ਭਾਰਤ (ਵੇਦ-ਵਿਆਸ) ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜਿਨ੍ਹਾਂ ਦੀ ਪ੍ਰਸਿੱਧੀ ਅਤੇ ਵਿਸ਼ੇਸ਼ਤਾ ਬਾਰੇ ਕੁਝ ਹੋਰ ਕਹਿਣ ਦੀ ਲੋੜ ਮਹਿਸੂਸ ਨਹੀਂ ਹੁੰਦੀ।

ਮਹਾਂ-ਕਵੀ ਕਾਲੀਦਾਸ ਦਾ ਨਾਟਕ 'ਸ਼ਕੰਤਲਾ' ਵੀ ਨਾਂ ਸਿਰਫ਼ ਏਨੀ ਹੀ ਪ੍ਰਸਿੱਧੀ ਜਾਂ ਵਿਸ਼ੇਸ਼ਤਾਂ ਦਾ ਲਖਾਇਕ ਹੈ, ਸਗੋਂ ਇਨ੍ਹਾਂ ਤੋਂ ਵੀ ਕੁਝ ਵਧੇਰੇ ਇਸ ਲਈ ਹੈ ਕਿ ਇਸ ਨੇ ਦੁਨੀਆਂ ਦੇ ਇਕ ਬਹੁਤ ਵੱਡੇ ਦੇਸ਼ ਚੀਨ ਦੇ ਸਾਹਿਤ ਅਤੇ ਦੁਨੀਆਂਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਚੀਨੀ ਦੇ ਸਾਹਿੱਤ ਵਿੱਚ ਇਕ ਵਿਸ਼ੇਸ਼ ਥਾਂ ਬਣਾ ਰੱਖੀ ਹੈ।

ਪੰਜਾਬੀ ਸਾਹਿਤ ਵਿੱਚ ਮਹਾਂ-ਕਾਵਿ ਦੀ ਸ਼ੁਰੂਆਤ ਭਾਵੇਂ ਪੰਜਾਬੀ ਸਾਹਿੱਤ ਦੇ ਪਿਤਾਮਾ ਭਾਈ ਵੀਰ ਸਿੰਘ ਨੇ ਹੀ 'ਰਾਣਾ ਸੂਰਤ ਸਿੰਘ' ਲਿਖ ਕੇ ਕਰ ਦਿੱਤੀ ਸੀ ਪ੍ਰੰਤੂ ਅੱਜ ਤਕ ਪੰਜਾਬੀ ਵਿਚ ਲਿਖੀਆਂ ਗਈਆਂ ਮਹਾਂ-ਕਾਵਿ ਰਚਨਾਵਾਂ ਦੀ ਗਿਣਤੀ ਉਂਗਲਾਂ ਤੇ ਗਿਣੀ ਜਾਣ ਯੋਗ ਗਿਣਤੀ ਤਕ ਹੀ ਸੀਮਿਤ ਹੈ। ਇਸ ਤੋਂ ਉਪਰੰਤ ਲਾਲਾ ਕਿਰਪਾ ਸਾਗਰ ਦਾ 'ਲਕਸ਼ਮੀ ਦੇਵੀਂ ਅਤੇ ਮੋਹਨ ਸਿੰਘ ਦਾ 'ਏਸ਼ੀਆਂ ਦਾ ਚਾਨਣ' ਦੋਨੋ ਹੀ ਅੰਗਰੇਜ਼ੀ ਦੇ ਮਹਾਂ-ਕਾਵਿ Lady of the Lake (ਲਾਰਡ ਵਾਲਟਰ ਸਕਾਟ) ਅਤੇ Light of Asia (ਐਡਵਿਨ ਆਰਨਾਲਡ) ਦੇ ਲਗਪਗ ਅਨੁਵਾਦ ਹੀ ਹਨ, ਕੁਝ ਕੁ ਹੋਰ ਮਹਾਂ-ਕਾਵਿ ਰਚਨਾਵਾਂ ਤੋਂ ਬਿਨਾਂ ਇਸ ਖੇਤਰ ਵਿਚ ਵੱਡੀ ਮੱਲ, ਸ਼ਿਵ ਕੁਮਾਰ ਬਟਾਵਲੀ ਨੇ 'ਲੂਣਾਂ' ਲਿਖ ਕੇ ਮਾਰੀ, ਜੋ ਸਾਹਿੱਤ ਅਕਾਡਮੀ ਦੁਆਰਾ ਪੁਰਸਕਾਰਿਤ ਵੀ ਕੀਤੀ ਗਈ। ਕੁਝ ਅਸ਼ਲੀਲਤਾ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ 'ਲੂਣਾਂ' ਨੂੰ ਨਿਸ਼ਚੇ ਹੀ 'ਪੰਜਾਬੀ' ਦੀ ਇਕ ਉੱਚ ਪਾਏ ਦੀ ਰਚਨਾ ਆਖਿਆ ਜਾ ਸਕਦਾ ਹੈ।

ਮਹਾਂ-ਕਵੀ ਕਾਲੀ ਦਾਸ ਦੇ ਨਾਟਕ ਸ਼ਕੁੰਤਲਾ ਦਾ ਪੰਜਾਬੀ ਅਨੁਵਾਦ ਡਾ: ਰੋਸ਼ਨ ਲਾਲ ਅਹੂਜਾ ਨੇ ਕੀਤਾ ਅਤੇ ਕਵਿਤਾ ਵਿਚ ਇਸ ਦਾ ਛਾਇਆ ਅਨੁਵਾਦ ਪਿਆਰਾ ਸਿੰਘ ਸਹਿਰਾਈ ਨੇ ਕੀਤਾ। ਪ੍ਰੰਤੂ 'ਸ਼ਕੁੰਤਲਾ' ਨੂੰ ਪੰਜਾਬੀ ਜ਼ੁਬਾਨ ਵਿਚ ਮਹਾਂ-ਕਾਵਿ ਦੇ

---

1. ਗੁਰਬਾਣੀ ਸਾਹਿਤ ਵਿਚ ਸਿੱਧ ਗੋਸਟਿ (ਰਾਗ ਰਾਮਕਲੀ) ਅਤੇ ਸੁਖਮਨੀ (ਰਾਗ ਗਉੜੀ) ਵੀ ਅਧਿਆਤਮਕ ਮਹਾਂ-ਕਾਵਿ ਰਚਨਾਵਾਂ ਵਜੋਂ ਅਤਿ ਉੱਤਮ ਦਰਜੇ ਦੀਆਂ ਰਚਨਾਵਾਂ ਹਨ।

ਰੂਪ ਵਿਚ ਲਿਖਣ ਦਾ ਹੱਥਲੀ ਪੁਸਤਕ ਪਹਿਲਾ ਯਤਨ ਹੈ। ਇੱਥੇ ਇਹ ਵਿਸ਼ੇਸ਼ ਕਰ ਕੇ ਦੱਸਣਾ ਜਰੂਰੀ ਹੈਂ ਕਿ ਇਸ ਰਚਨਾ ਨੂੰ, ਕਾਲੀਦਾਸ ਦੀ ਸ਼ਕੁੰਤਲਾ ਦਾ ਅਨੁਵਾਦ, ਛਾਇਆ ਅਨੁਵਾਦ ਜਾਂ ਕਾਵਿ-ਨਾਟ ਰੂਪ ਦੇ ਸੰਦਰਭ ਵਿਚ ਨਹੀਂ ਦੇਖਿਆ ਜਾਣਾ ਚਾਹੀਦਾ।

ਕਹਾਣੀ ਭਾਵੇਂ ਥੋੜ੍ਹੇ ਅੰਤਰ ਨਾਲ ਕਾਲੀਦਾਸ ਵਾਲੀ ਹੀ ਰੱਖੀ ਗਈ ਹੈ, ਫਿਰ ਵੀ ਇਸ ਵਿਚ ਅਨੇਕਾਂ ਭਿੰਨਤਾਵਾਂ ਹੋਂਦ ਵਿਚ ਆ ਗਈਆਂ ਹਨ। ਇਨ੍ਹਾਂ ਭਿੰਨਤਾਵਾਂ ਦਾ ਸਿੱਧਾ ਜਿਹਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕਾਲੀਦਾਸ ਵਿਚ ਪੰਜ ਸਰਗਾਂ ਵਿਚ ਵਿਚਰਣ ਵਾਲੀ ਇਹ ਕਹਾਣੀ ਇਥੇ ਤੇਰ੍ਹਾਂ ਸਰਗਾਂ ਵਿਚ ਵਿਸਤ੍ਰਿਤ ਹੋ ਗਈ ਹੈ। 'ਕਾਲੀਦਾਸ' ਵਿਚ ਆਏ ਇਕ ਜੰਗ ਦੇ ਵਰਨਣ ਦੀ ਮੈਂ ਇੱਥੇ ਲੋੜ ਮਹਿਸੂਸ ਨਹੀਂ ਕੀਤੀ। ਇਸ ਤਰ੍ਹਾਂ 'ਕਾਲੀਦਾਸ' ਦੇ ਚਾਰ ਸਰਗਾਂ ਦਾ ਵਰਨਣ ਇਥੇ ਤਕਰੀਬਨ ਤਿੰਨ ਗੁਣਾਂ ਹੋ ਨਿੱਬੜਿਆ ਹੈ।

ਸ਼ਕੁੰਤਲਾ ਦੀ ਕਹਾਣੀ ਮੈਨੂੰ ਬਚਪਨ ਤੋਂ ਹੀ ਚੰਗੀ ਲੱਗਦੀ ਹੈ, ਪ੍ਰੰਤੂ ਇਥੇ ਮੇਰਾ ਮਨੋਰਥ ਕਹਾਣੀ ਵਰਨਣ ਤੋਂ ਨਹੀਂ ਹੈ। ਮੈਂ ਉਨ੍ਹਾਂ ਲਮ੍ਹਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਵਿਚ ਕੁਝ ਅਨੁਭਵ ਹੋਇਆ ਹੋਵੇ, ਕੁਝ ਮਹਿਸੂਸ ਕੀਤਾ ਗਿਆ ਹੋਵੇ (ਅਤੇ ਇਹੋ ਹੀ ਮੈਂ ਸਮਝਦਾ ਹਾਂ ਕਿ ਹਰ ਕਲਾਕਾਰ ਜਾਂ ਸਾਹਿਤਕਾਰ ਦਾ ਮਨੋਰਥ ਹੋਣਾ ਚਾਹੀਦਾ ਹੈ) ਇਸੇ ਕਰਕੇ ਜਿੱਥੇ ਕਹਾਣੀ-ਵਰਨਣ ਦੀ ਲੋੜ ਪਈ ਹੈ, ਉੱਥੇ ਮੈਂ "ਚੋਪਈ" ਦੀ ਚਾਲ ਲੰਘ ਗਿਆ ਹਾਂ ਅਤੇ ਜਿੱਥੇ ਕਿਸੇ ਅਨੁਭਵ ਦੀ ਗੱਲ ਆਈ ਹੈ, ਬਹਿਰ ਨੂੰ ਜ਼ਰਾ ਲਮ੍ਹਿਆ ਦਿੱਤਾ ਗਿਆ ਹੈ। ਘਟਨਾਵਾਂ ਨੂੰ ਆਮ ਜੀਵਨ ਨਾਲ ਮੇਲ ਖਾਂਦੀਆਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਮਾਜਵਾਦ ਦੇ ਵਿਚਾਰ ਨੂੰ ਸਮੇਂ-ਸਮੇਂ ਉਭਾਰਿਆ ਗਿਆ ਹੈ। ਕਾਲੀਦਾਸ ਤੋਂ ਇੱਕਾ-ਦੁੱਕਾ ਵਿਚਾਰ ਜਾਂ ਕੁਝ ਸ਼ਬਦਾਵਲੀ (ਜਿਸ ਦੀ ਵਰਤੋਂ ਜਰੂਰੀ ਸੀ) ਹੀ ਉਧਾਰ ਲਈ ਗਈ ਹੈ। ਆਦਿਕਾ, ਸੱਤਵਾਰ, ਬਾਰਾਂ-ਮਾਂਹ, ਪਲੇਠਾ-ਅਸਰ, ਤਲਾਸ਼, ਵਿਰਲਾਪ ਆਦਿ ਅਧਿਆਏ ਨਿਰੋਲ ਮੇਰੀ ਆਪਣੀ ਕਲਪਣਾ ਤੇ ਹੀ ਅਧਾਰਤ ਹਨ।

ਇਸ ਰਚਨਾ ਦੇ ਸੰਬੰਧ ਵਿਚ ਇਹ ਵੀ ਦੱਸਣਾ ਚਾਹਾਂਗਾ ਕਿ ਇਹ ਰਚਨਾ ਕਿਸੇ ਯੋਜਨਾਬੋਧ ਢੰਗ ਨਾਲ ਨਹੀਂ ਲਿਖੀ ਗਈ ਜੋ ਕੁਝ ਲਿਖਿਆ ਹੈ, ਸਹਿਜ ਸੁਭਾਅ ਹੀ ਲਿਖਿਆ ਗਿਆ ਅਤੇ ਪਤਾ ਨਹੀਂ ਕਦੋਂ। ਮੋਟੇ ਜਿਹੇ ਅੰਦਾਜ਼ੇ ਨਾਲ ਇਸ ਦਾ ਰਚਨ-ਕਾਲ ਦਸ-ਬਾਰਾਂ ਸਾਲ ਤਕ ਲੰਬਾ ਹੈ। ਇਸ ਦਾ ਕੋਈ ਭਾਗ ਕਦੇ ਤੇ ਕੋਈ ਭਾਗ ਕਦੇ ਲਿਖਿਆ ਗਿਆ ਅਤੇ ਮੇਰੇ ਕਾਗਜ਼ਾਂ 'ਚ ਰੁਲਦਾ, ਕਈ ਕਈ ਵਾਰ ਗੁਆਚਿਆਂ ਥਿਆਇਆ ਜਾਂ ਫਿਰ ਥਿਆਇਆ ਹੀ ਨਹੀਂ। ਕਿਉਂਕਿ ਮੈਂ ਹਾਲ ਤਕ ਕਿਸੇ ਪ੍ਰੋਫੈਸ਼ਨਲ ਲੇਖਕ ਵਾਂਗ ਆਪਣੇ ਆਪ ਨੂੰ ਪੁਸਤਕ ਨਾਲ ਨਹੀਂ ਸੀ ਜੋੜ ਸਕਿਆ ਅਤੇ ਉਕਤ 'ਥਿਆਈਆ

ਨਹੀਂ ਭਾਗ ਦੁਬਾਰਾ ਉਦੋਂ ਹੀ ਲਿਖਿਆ ਜਦੋਂ, ਇਸ ਰਚਨਾ ਦਾ ਕੋਈ ਤਿੰਨ ਚੌਥਾਈ ਭਾਗ ਪੂਰਾ ਹੋਣ ਉਪਰੰਤ ਮੈਨੂੰ ਇਹ ਯਕੀਨ ਹੋ ਗਿਆ ਕਿ ਮੈਨੂੰ ਹੁਣ ਇਸ ਰਚਨਾ ਨੂੰ ਪੁਸਤਕ-ਰੂਪ ਦੇਣਾ ਹੀ ਪਵੇਗਾ, ਅਸਲ ਵਿਚ ਤਾਂ ਮੈਨੂੰ ਇਸ ਦੇ ਵੱਖੋ-ਵੱਖਰੇ ਭਾਗਾਂ ਨੂੰ ਜੋੜਨ, ਜਾਂ ਲੱਭਣ ਦਾ ਕੰਮ ਵਧੇਰੇ ਕਰਨਾ ਪਿਆ ਹੈ ਨਾ ਕਿ ਲਿਖਣ ਦਾ। ਪਤਾ ਨਹੀਂ ਕਦੋਂ ਅਤੇ ਕਿਵੇਂ ਪਲੇਠਾ-ਅਸਰ ਨਾਂ ਦਾ ਸਰਗ ਅਤੇ ਆਦਿਕਾ ਲਿਖੇ ਗਏ ਅਤੇ ਪਏ ਰਹੇ। ਫਿਰ ਕੁਝ ਕਦੋਂ ਤੇ ਕੁਝ ਕਦੋਂ ਜਾਂ ਫਿਰ ਲਿਖਣ ਤੋਂ ਬਾਅਦ ਇਸ ਦਾ 'ਅੰਤ' ਤਾਂ ਕਿਤੇ ਨਾ ਕਿਤੇ ਕਰਨਾ ਹੀ ਪੈਣਾ ਸੀ ਜਿਸ ਨੇ ਵਾਕਿਆ ਹੀ ਮੇਰਾ ਧਿਆਨ ਮੰਗਿਆ ਇਸ ਲਈ ਇਸਦੇ ਅੰਤਲੇ ਸਰਗ, 'ਤਲਾਸ਼' ਅਤੇ 'ਪੁਨਰ ਮਿਲਣ' ਮੈਨੂੰ ਮਜਬੂਰਨ ਬੈਠ ਕੇ ਹੀ ਲਿਖਣੇ ਪਏ। ਸ਼ਾਇਦ ਇਸੇ ਕਰਕੇ ਹੀ ਇਥੇ ਕੁੱਝ ਵਧੇਰੇ ਤੀਬਰਤਾ, ਸੋਜ਼ ਅਤੇ ਭਾਵੁਕਤਾ, ਭਰੀ ਗਈ ਹੈ, ਅਜਿਹਾ ਮੈਨੂੰ ਜਾਪਦਾ ਹੈ। ਬਾਕੀ ਸਭ ਪਾਠਕਾਂ ਤੇ।

ਕਵਿਤਾ ਦੇ ਸੰਬੰਧ ਵਿਚ ਮੈਂ ਮਹਿਸੂਸ ਕਰਦਾ ਹਾਂ ਕਿ ਸ਼ਾਇਦ ਕਈ ਸਤਰਾਂ ਨਾਪ-ਤੋਲ ਵਿਚ ਪੂਰੀਆਂ ਨਾ ਉਤਰਣ। ਮੈਂ ਵੈਸੇ ਵੀ, ਕਿਸੇ ਵੀ 'ਗੱਲ' ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦਾ, ਸੋ ਜਿਹੜੀ ਲਾਈਨ ਕੁਝ ਅੜ ਗਈ ਉਸ ਨੂੰ ਉਵੇਂ ਹੀ ਰਹਿਣ ਦਿੱਤਾ ਗਿਆ। ਵੈਸੇ ਵੀ ਲਿਖੀ ਜਾਈਏ। ਤਾਂ ਲਿਖੀ ਜਾਈਏ। ਪ੍ਰੰਤੂ ਜੋ ਕੋਈ ਲਾਈਨ ਅੜ ਜਾਵੇ ਤਾਂ ਉਸ ਨੂੰ ਕਿੰਨਾ ਹੀ ਕਿਉਂ ਨਾ ਤ੍ਰੋੜ ਮਰੋੜ ਲਈਏ ਉਹ ਘੱਟ ਹੀ ਠੀਕ ਆਉਂਦੀ ਹੈ ਇਸ ਨੂੰ ਭਾਵੇਂ ਮੇਰੀ ਮਜਬੂਰੀ ਕਹਿ ਲਵੋ ਅਤੇ ਭਾਵੇਂ ਕਾਵਿਕ ਪ੍ਰਤਿਭਾ ਦੀ ਘਾਟ।

ਜਿੱਥੇ ਕਾਲੀਦਾਸ ਦੀ ਰਚਨਾ ਵਿਚ, ਖ਼ਿਆਲ, ਵਿਚਾਰ, ਅਨੁਭਵ, ਤਸਬੀਹਾਂ ਆਦਿ ਵੈਦਿਕ-ਯੁਗ ਜਾਂ ਤਤਕਾਲੀਨ ਯੁਗ ਦੀ ਸੱਭਿਅਤਾ ਨੂੰ ਰੂਪਮਾਨ ਕਰਦੇ ਹਨ, ਉਥੇ ਇਸ ਰਚਨਾ ਵਿਚ ਇਹ ਸਭ ਕੁਝ ਵਰਤਮਾਨ ਪੇਂਡੂ-ਪੰਜਾਬੀ ਸੱਭਿਆਚਾਰ ਨੂੰ ਰੂਪਮਾਨ ਕਰਦਾ ਹੈ। ਇਥੇ ਸ਼ਕੁਤੰਲਾ ਇਕ ਪੌਰਾਣਿਕ-ਕੰਨਿਆਂ ਦੇ ਰੂਪ ਵਿਚ ਨਹੀਂ ਸਗੋਂ ਇਕ ਪੰਜਾਬਣ ਪੇਂਡੂ ਮੁਟਿਆਰ ਦੇ ਰੂਪ ਵਿਚ ਉੱਭਰੀ ਹੈ। ਇਸ ਰਚਨਾ ਦੇ ਹਵਾਲਿਆਂ ਦਾ ਘੇਰਾ ਵੀ ਕਾਫ਼ੀ ਵਿਸ਼ਾਲ ਹੋ ਗਿਆ ਹੈ ਜੋ ਧੁਰ ਵੈਦਿਕ ਯੁਗ ਤੋਂ ਲੈਕੇ ਅੱਜ ਦੇ ਫਿਲਮ ਲੋਕ ਦੀ ਗੱਲ ਕਰਦਾ-ਕਰਦਾ ਵਰਤਮਾਨ ਯੁਗ ਦੇ ਬਹੁ-ਚਰਚਿਤ "ਸੰਤਾ" ਦਾ ਜ਼ਿਕਰ ਵੀ ਕਰ ਜਾਂਦਾ ਹੈ। ਇਸ ਤਰ੍ਹਾਂ ਸਮੁੱਚੀ ਰਚਨਾ ਵਿਚ ਏਨੀਆਂ ਭਿੰਨਤਾਵਾਂ ਆ ਗਈਆਂ ਹਨ ਕਿ ਪਾਠਕ ਇਹ ਮਹਿਸੂਸ ਕਰੇਗਾ ਕਿ ਇਹ ਕਹਾਣੀ ਕਾਲੀਦਾਸ ਵਾਲੀ 'ਸ਼ੁਕੰਤਲਾ' ਦੀ ਨਹੀਂ, ਸਗੋਂ ਕਿਸੇ ਹੋਰ ਸ਼ਕੰਤਲਾ ਦੀ ਹੈ।

'ਸ਼ਕੁੰਤਲਾ' ਦੇ ਪ੍ਰਥਮ ਪ੍ਰਕਾਸ਼ਨ ਸਮੇਂ ਪੰਜਾਬ ਦੇ ਹਾਲਾਤ ਬਹੁਤੇ ਸਾਜ਼ਗਾਰ ਨਹੀਂ ਸਨ। 'ਸ਼ਕੁੰਤਲਾ' ਦਾ ਚਰਚਾ ਤਾਂ ਉਨ੍ਹੀ ਦਿਨੀ ਜਰੂਰ ਹੋਇਆ,ਪ੍ਰੰਤੂ ਉਹ ਦਿਨ 'ਕਵਿਤਾ' ਨਹੀ ਸਨ।

ਸੁਆਮੀ ਬ੍ਰਹਮ ਦੇਵ ਜੀ ਮਹਾਰਾਜ' ਜਿਨ੍ਹਾਂ ਨੂੰ ਮੈਂ ਆਪਣੇ ਮਨੋਨੀਤ ਗੁਰੂ ਮੰਨਦਾ

ਹਾਂ, ਦੇ ਆਸ਼ੀਰਬਾਦ ਨਾਲ ਮੈਨੂੰ ਇਸਦੇ ਪੁਨਰ-ਪ੍ਰਕਾਸ਼ਨ ਦੀ ਪ੍ਰੇਰਨਾ ਮਿਲੀ। ਪ੍ਰਥਮ ਪ੍ਰਕਾਸ਼ਨ ਦਾ ਮੈਨੂੰ ਐਨਾਂ ਤਾਂ ਫ਼ਾਇਦਾ ਜ਼ਰੂਰ ਹੋਇਆ ਕਿ ਇਸ ਨਾਲ ਇਸ ਰਚਨਾ ਬਾਰੇ ਮੈਨੂੰ ਬਹੁਤ ਸਾਰੇ ਵਿਦਵਾਨਾਂ ਦੇ ਵਿਚਾਰ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿਚੋ ਸੁਆਮੀ ਜੀ ਦੇ ਆਸ਼ੀਰਬਾਦ ਸਮੇਤ, ਡਾ: ਜਗਤਾਰ. ਪ੍ਰੋ ਜਸਪਾਲ ਘਈ (ਫ਼ਿਰੋਜ਼ਪੁਰ) ਅਤੇ ਪ੍ਰੋ: ਪ੍ਰਿਤਪਾਲ ਸਿੰਘ ਮਹਿਰੋਕ (ਹਸ਼ਿਆਰਪੁਰ) ਦੇ ਵਿਚਾਰ ਇਸ ਸੰਕਲਨ ਵਿੱਚ ਛਾਪਣ ਦੀ ਧੰਨਵਾਦ ਸਹਿਤ ਖ਼ੁਸ਼ੀ ਲੈ ਰਿਹਾ ਹਾਂ।

ਮੈਂ ਇੱਥੇ ਇਹ ਦੱਸਣਾ ਵੀ ਜ਼ਰੂਰੀ ਸਮਝਦਾਂ ਹਾਂ, ਕਿ ਸੁਆਮੀ ਜੀ ਕੇਵਲ ਇਕ ਅਧਿਆਤਮਕ ਗੁਰੂ ਹੀ ਨਹੀਂ ਹਨ, ਬਲਕਿ ਇਕ ਜਾਨੀ-ਮਾਨੀ ਸਾਹਿਤਕ ਸ਼ਖ਼ਸੀਅਤ ਵੀ ਹਨ। ਉਨ੍ਹਾਂ ਦੀ ਪੁਸਤਕ 'ਨੂਰ ਦੇ ਨੇੜੇ' ਦਾ ਸਾਹਿਤਕ ਸੱਥਾਂ ਵਿੱਚ ਖ਼ੂਬ ਚਰਚਾ ਹੁੰਦਾ ਰਿਹਾ ਹੈ।

ਅਫ਼ਸੋਸ ਹੈ ਕਿ ਸ਼੍ਰੀ ਚਰਨਜੀਤ ਸ਼ਰਮਾਂ (ਬਾਨੀ ਦੀਪਕ ਪਬਲਿਸ਼ਰਜ) ਉਨ੍ਹਾਂ ਦੇ ਸਪੁੱਤਰ ਸ਼੍ਰੀ ਦੀਪਕ ਸ਼ਰਮਾ ਅਤੇ ਡਾ: ਜਗਤਾਰ ਜਿਨ੍ਹਾਂ ਦੇ ਸਹਿਯੋਗ ਅਤੇ ਹੌਸਲਾ ਅਫਜ਼ਾਈ ਸਦਕਾ ਮੈਂ 'ਸ਼ਕੰਤਲਾ' ਨੂੰ ਪਾਠਕਾਂ ਦੇ ਹੱਥਾਂ ਤੱਕ ਪਹੁਚਾਉਣ ਵਿਚ ਸਫਲ ਹੋਇਆ ਸਾਂ ਹੁਣ ਇਸ ਫਾਨੀ ਸੰਸਾਰ ਨੂੰ 'ਅਲਵਿਦਾ' ਕਹਿ ਚੁੱਕੇ ਹਨ। ਗੁਰੂ 'ਸੁਆਮੀ ਜੀ' ਵੀ ਹੁਣੇ ਕੁੱਝ ਸਮਾਂ ਹੋਇਆ ਪ੍ਰੋਲਕ-ਗਮਨ ਕਰ ਚੁੱਕੇ ਹਨ। ਮੇਰੇ ਇਸ ਐਡੀਸ਼ਨ ਨੂੰ ਉਕਤ ਸਾਰੀਆਂ ਸਦਾ-ਬਹਾਰ ਸ਼ਖਸ਼ੀਅਤ ਦੇ ਪ੍ਰਤੀ ਸਰਧਾਂਜਲੀ ਦੇ ਰੂਪ ਵਿਚ ਵੀ ਦੇਖਿਆ ਜਾ ਸਕਦਾ ਹੈ।

ਉਪਰੰਤ 'ਪੰ: ਜੀਵਿਤ ਸ਼ਰਮਾ' ਵਰਤਮਾਨ ਸੰਚਾਲਕ ਦੀਪਕ ਪਬਲਿਸ਼ਰਜ਼ ਜਲੰਧਰ ਦੇ ਧੰਨਵਾਦ ਸਹਿਤ ਮੈਂ ਆਪਣਾ ਇਹ ਸੰਕਲਨ ਸਾਹਿਤ-ਪੇਮੀਆਂ ਦੀ ਸੱਥ ਵਿੱਚ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

**—ਸੁਰਜੀਤ ਸਿੰਘ ਕਾਲੇਕੇ**

Maths Master (Retd.)

ਪਿੰਡ ਤੇ ਡਾਕਖ਼ਾਨਾ ਕਾਲੇਕੇ,

ਤਹਿ—ਬਾਘਾਪੁਰਾਣਾ (ਮੋਗਾ)

94174-10736

# 1. ਆਸ਼ੀਰਬਾਦ



## ਸੁਆਮੀ ਬ੍ਰਹਮ ਦੇਵ ਜੀ ਮਹਾਰਾਜ

(ਨੂਰ ਦੇ ਨੇੜੇ)

ਇਕ ਅਦਭੁਤ ਅਤੇ ਆਸਰਜਮਈ ਰਚਨਾ। ਅੱਜ ਦੇ ਯੁੱਗ ਅਤੇ ਅੱਜ ਦੇ ਸਕੂਲਾਂ ਕਾਲਜਾਂ ਵਿੱਚ ਪੜੇ ਅਤੇ ਅਜੋਕੇ ਪੰਜਾਬ ਦੇ ਸ਼ੁੱਧ ਪੇਂਡੂ ਅਤੇ ਜਟਕੇ ਮਹੌਲ ਵਿਚ ਜੰਮੇ, ਪਲੇ ਅਤੇ ਵਿਚਰੇ ਕਿਸੇ ਲੇਖਕ ਤੋਂ ਅਜਿਹੀ ਰਚਨਾ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਲੇਖਕ ਦੇ ਪਿਛੋਕੜ ਵਿਚ ਜ਼ਰੂਰ ਕੋਈ ਰਹੱਸਮਈ ਅਨੁਭਵ ਦੀ ਝਲਕ ਦ੍ਰਿਸ਼ਟੀਮਾਨ ਹੋਂ ਰਹੀ ਹੈ।

ਗੁਰਬਾਣੀ ਅਤੇ ਵੇਦਾਂਤ ਦਾ ਗਹਿਰਾ ਅਧਿਐਨ ਉਸਦੀ ਰਚਨਾ ਵਿੱਚ ਥਾਂ-ਥਾਂ ਰੂਪਮਾਨ ਹੋ ਰਿਹਾ ਹੈ।

## ਗੁਰਬਾਣੀ-ਪ੍ਰਭਾਵ

ਤੂੰ ਹੈ ਮੇਰਾ ਪਰਬਤ ਓਹਲਾ,
ਤੂੰ ਹੈ ਮੇਰਾ ਮਿੱਤਰ ਵਿਚੋਲਾ।
ਤੂੰ ਗੰਗਾ ਮੈਂ ਨਦੀ ਨਖਾਸੀ।
ਤੂੰ ਚੰਦਨ ਮੈਂ ਰਿੰਡ ਉਦਾਸੀ।
ਤੂੰ ਗਉਰਾ ਮੈਂ ਹੋਛੀ ਊਰੀ,
ਤੂੰ ਗੁਲਾਬ ਮੈਂ ਥੋਰ੍ਹ ਮਥੋਰੀ।

ਦਰ ਆਈ ਦੀ ਰੱਖੀ ਲਾਜ।
ਵਾਂਗ ਸੁਦਾਮਾ ਧ੍ਰੂ ਪ੍ਰਹਿਲਾਦ।
ਮੇਰੀ ਗਣਤ ਗਣੀਂ ਨਾ ਕਾਈ।
ਬਾਂਹ ਫੜੀ ਦੀ ਲਾਜ ਨਿਭਾਈ।

ਜਲ ਤੇ ਥਲ ਕਰ ਥਲ ਖੂਹ ਹੋਵੇ।
ਖੂਹ ਤੇ ਮੇਰੁ ਸੁਮੇਰੁ ਖਲੋਵੇ।
ਖਲ ਮੂਰਖ ਤੇ ਹੋਵੇ ਪੰਡਿਤ,
ਪੰਡਿਤ ਗਿਆਨ ਵਿਹੂਣਾ ਖੰਡਿਤ।

ਏਥੇ ਰੁਣ ਝੁਣ ਲਾਈ ਮੋਰੀਂ
.... ... ... ... ... ... ...
ਮਿਲੀ ਕਿਰਣਿ ਸੂਰਜੇ ਜਾ

ਗੁਰੂ ਗ੍ਰੰਥ ਜੀ ਲੱਭੋ ਪੂਰਾ ਭਾਂਡਾ,
ਲੱਖ ਚੁਰਾਸੀ ਜੂਨੀ ਗੇੜ ਮੁਕਾਵੇ।
ਲੰਗਰ ਗੁਰੂ ਕਾ ਲੱਭੋ ਪੂਰ ਭੰਡਾਰਾ।
ਫੇਰ ਨਾ ਖਾਹਿਸ਼ ਖੁੱਧਿਆ ਪਿਆਸ ਸਤਾਵੇ।

## ਵੇਦਾਂਤ-ਪ੍ਰਭਾਵ

ਤਾਂ ਵਿਸ਼ਵਾ ਮਿਤਰ ਨਾਂ ਦਾ ਇਕ ਹੋਇਆ ਮੁਨੀ ਮਹਾਂ
ਜਿਉਂ ਨਾਰਦ ਵਿਆਸ ਵਸ਼ਿਸ਼ਟ ਸੀ ਦ੍ਰੋਣ ਜਾਂ ਦੁਰਬਾਸਾ
.... ... ... ... ... ... ... .... ... ... ... ... ...
ਜਿਉਂ ਦਹਿਸਿਰ ਦੇ ਪਾਵਿਉਂ ਕਾਲ ਬੱਧਾ ਛੁੱਟ ਗਿਆਂ
ਜਿਉਂ ਨੀਲ-ਕੰਠ ਦੀਆਂ ਜਟਾਂ ਚੋਂ ਗੰਗਾ ਨਿਕਲੀ ਰਿਸਿਆ
.... ... ... ... ... ... ... .... ... ... ... ... ...
ਜੋ ਗੌਤਮ ਨਾਰ ਅਹਲਿਆਂ ਦੇ ਰੂਪ ਤੇ ਡੁੱਲ੍ਹ ਗਿਆ।

ਇਹ ਕੋਈ 'ਸੂਪ ਨਖਾਂ ' ਦੀ ਭੈਣ,
ਗੁੱਝਾ ਭੇਦ ਆਈ ਕੋਈ ਲੈਣ।
.... ... ... ... ... ... ...
ਇਹ ਕੋਈ 'ਗਨਕਾ' ਚਕਲੇ ਵਾਲੀ,
ਇਹ ਕੋਈ 'ਰੱਤੀ' ਕਾਮ-ਕੁਠਾਲੀ।

'ਮੀਰਾ' ਸੀ ਕੋਈ 'ਰਾਧਿਕਾ' ਸੀ
ਜਾਂ 'ਸਬਰੀ' ਕੋਈ ਅਹੀਰਣਿ ਸੀ।

'ਕਾਨ੍ਹ ਫੇਰ ਕੋਈ ਲੱਭੋ ਕਰਣੀ ਵਾਲਾ,
'ਕਨਸ' ਕੁਵਲੀਆਂ ਪੀੜ ਕਰਾਹੋਂ ਲਾਹਵੇਂ।
ਗੋਕਲ ਵਿਚ ਗਮਗੀਨ ਗੁਜਰੀਆਂ ਤਾਈਂ,
ਪਿਆਰ ਦੀ ਮਿੱਠੀ ਮੁਰਲੀ ਤਾਨ ਸੁਣਾਵੇ।

'ਮਾਨੋ' 'ਗਿਰਜਾ' ਭਰੇ ਹੁਗਾਰਾ'

'ਮਾਨੋ 'ਸੁਆਮੀ' ਭਰੇ ਹੁੰਗਾਰਾ। .... ... ... ਆਦਿ

ਪਾਤਰਾਂ ਦੀ ਵਾਰਤਾਲਾਪ ਵਿੱਚ ਸ਼ਬਦਾਵਲੀ ਪਾਤਰਾਂ ਦੇ ਸੁਭਾਅ ਸਮੇਂ ਅਤੇ ਸਥਾਨ ਦੇ ਅਨਕੂਲ ਵਰਤੀ ਗਈ ਹੈ। ਦੁਰਬਾਸਾ ਰਿਖੀ, ਸ਼ਕੁੰਤਲਾ ਦੀਆਂ ਸਖੀਆਂ ਨੂੰ ਕਹਿ ਰਿਹਾ ਹੈ।

[ਅੱਠ ਸਤਰਾਂ ਵਿੱਚ ਅੱਠੇ ਠੋਸ ਨਤੀਜੇ ਅਤੇ ਅੱਠ ਹੀ ਮੁਹਾਵਰੇ ਵਰਤੇ ਗਏ ਹਨ।]

ਸਰਾਪ ਅਸਾਡਾ ਕਦੇ ਨਾ ਮੁੜਿਆ। ਸ਼ੀਸ਼ਾ ਭੱਜ ਫੇਰ ਨਾ ਜੁੜਿਆ।
ਡਿੱਗੇ ਪੱਤ ਨਾ ਲੱਗਣ ਰੁੱਖ। ਨਿੱਕਲੀ ਬਾਤ ਪਵੇ ਨਾ ਮੁੱਖ।
ਸੂਰਜ ਚੜ੍ਹੇ ਪੂਰਬੋਂ ਪੱਛਮ।, ਚੱਲ ਹਿਮਾਲਾ ਜਾਵੇ ਦੱਖਣ।
ਹੁਣ ਤਾਂ ਉਲਝ ਗਈ ਹੈ ਤਾਣੀ। ਪੱਤਣੋਂ ਲੰਘ ਨਾ ਮੁੜਿਆ ਪਾਣੀ।

ਅਤੇ ਫਿਰ ਅਸਲੀਅਤ ਜਾਨਣ ਉਪਰੰਤ ਤੁਰੰਤ ਫੈਸਲਾ ਕਰ ਦਿੱਤਾ ਜਾਂਦਾ ਹੈ।

ਸਰਾਪ ਅਸਾਡਾ ਸਕੇ ਨਾ ਟੱਲ, ਪਰ ਜੇ ਹੈ ਅਜੇਹੀ ਗੱਲ।
ਮੁੰਦਰੀ ਦਿੱਤੀ ਦੇਖ ਨਿਸ਼ਾਨੀ। ਆਵੇ ਉਸ ਨੂੰ ਯਾਦ ਕਹਾਣੀ।
ਇਉਂ ਕਹਿ ਪਏ ਰਿਖੀ ਜੀ ਚੱਲ। ਮੁੜੀਆਂ ਸਖੀਆਂ ਆਸ਼ਰਮ ਵੱਲ।

ਬਿਲਕੁੱਲ ਰਿਖੀਆ ਮੁਨੀਆ ਵਾਲਾ ਵੇਗ, ਰਿਖੀਆ ਮੁਨੀਆਂ ਵਾਲੀ ਨਿਰਲੇਪਤਾ।

ਰਚਨਾ ਦਾ ਪਾਠ ਕਰਦਿਆ, ਆਦਿ ਤੋਂ ਅੰਤ ਤੱਕ ਇਕ ਭਾਵੁਕ ਆਵੇਸ਼ ਛਾਇਆ ਰਹਿੰਦਾ ਹੈ। ਥਾਂ-ਥਾਂ ਤੇ ਦਿਲ ਭਰ ਭਰ ਆਉਂਦਾ ਹੈ ਅਤੇ ਕਈ ਵਾਰ ਅੱਥਰੂ ਅੱਖੀਆਂ ਵਿਚੋ ਬੇਕਾਬੂ ਹੋ ਕੇ ਵਹਿ ਤੁਰਦੇ ਹਨ। ਸਮੁੱਚੀ ਰਚਨਾ ਵਿੱਚ ਇਕ ਅਧਿਆਤਮਕ ਰਹੱਸ ਪਸਰਿਆ ਰਹਿੰਦਾ ਹੈ, ਜੋ ਪਾਠਕ ਨੂੰ ਇਕ ਅਲੌਲਿਕ ਖੰਡਾ, ਬ੍ਰਹਮੰਡਾਂ ਅਤੇ ਰੁਹਾਨੀਅਤ ਦੇ ਗਗਨ ਮੰਡਲਾਂ ਵੱਲ ਲੈ ਉਂਡਦਾ ਹੈ। ਮੈਂ ਤਾਂ ਇਸ ਵਿਸਮਾਦੀ ਰਚਨਾ ਦਾ ਪਾਠ ਕਰਕੇ ਨੂਰੋਂ ਨੂਰ ਹੋ ਗਿਆ ਹਾਂ।

**ਸਾਡੇ ਵੱਲੋਂ ਆਸ਼ੀਰਬਾਦ।**

**—ਸੁਆਮੀ ਬ੍ਰਹਮਦੇਵ ਜੀ ਮਹਾਰਾਜ**
**ਬੱਧਨੀ ਕਲਾਂ — ਮੋਗਾ।**

# ਇੱਕ ਸ਼ਲਾਘਾ—ਯੋਗ ਕਾਰਜ

(ਪ੍ਰੋ. ਜਸਪਾਲ ਘਈ)

ਇੱਕ ਭੁੱਲੀ ਵਿਸਰੀ ਅਤੇ ਪੂਰਵ-ਵੈਦਿਕ ਕਾਲ ਦੀ ਕਿਸੇ ਰਚਨਾ ਨੂੰ ਪੁੱਨਰ ਜੀਵੰਤ ਕਰਨਾ ਆਪਣੇ ਆਪ ਵਿੱਚ ਹੀ ਇੱਕ ਵਿਲੱਖਣ ਅਤੇ ਸ਼ਲਾਘਾ-ਯੋਗ ਕਾਰਜ ਹੈ। 'ਕਾਲੇਕੇ' ਦੀ ਵਿਸ਼ੇਸ਼ਤਾ ਇਸ ਵਿੱਚ ਹੈ ਕਿ ਉਸਨੇ ਧੁਰ-ਵੈਦਿਕ ਯੁਗ ਦੀ ਇਸ ਕਹਾਣੀ ਨੂੰ ਨਵੇਂ ਅਰਥਾਂ ਵਿੱਚ ਪੰਜਾਬੀ ਦੀ ਇਕ ਮੌਲਿਕ ਕਿਰਤ/ਰਚਨਾ ਵਿੱਚ ਸਫਲਤਾ ਪੂਰਬਕ ਤਬਦੀਲ ਕਰ ਦਿੱਤਾ ਹੈ। ਮੌਲਿਕਤਾ ਏਨੀ ਆ ਗਈ ਹੈ ਕਿ 'ਕਾਲੀਦਾਸ' ਦੀ 'ਸ਼ਕੁੰਤਲਾ' ਇਥੇ 'ਵਾਰਿਸ ਦੀ ਹੀਰ' ਦੇ ਰੂਪ ਵਿੱਚ ਉੱਘੜ ਕੇ ਸਾਹਮਣੇ ਆ ਗਈ ਹੈ। ਕੀ ਆਖਦੀਆਂ ਹਨ ਇਹ ਸਤਰਾਂ-

ਬੁੱਲੀਆਂ ਵਿੱਚ ਸਿਮਟਿਆ ਹਾਸਾ।
ਖੜਗੀ ਹੀਰ ਵੱਟ ਕੇ ਪਾਸਾ।
ਅਤੇ
ਭੱਠ ਖੇੜਿਆਂ ਦਾ ਰਹਿਣਾ, ਚੱਲ ਹੁਣ,
ਵੱਸੀਏ ਤਖਤ ਹਜਾਰੇ ਨੀ।

ਕਾਲੀਦਾਸ ਦੇ ਪੰਜ ਸਰਗਾਂ ਵਾਲੀ ਇਸ ਕਹਾਣੀ ਵਿਚੋਂ ਇਕ ਸਰਗ ਕੱਟ ਕੇ ਇਸ ਵਿੱਚ ਨਿਰੋਲ ਆਪਣੀ ਕਲਪਨਾ ਦੁਆਰਾ ਨੌਂ ਸਰਗ ਹੋਰ ਜੋੜ ਦੇਣੇ, ਆਪਣੇ ਆਪ ਵਿਚ ਕਿਸੇ ਕ੍ਰਿਸ਼ਮੇਂ ਤੋਂ ਘੱਟ ਨਹੀਂ ਹਨ।

ਇੱਕ 'ਨਾਟਕ ' ਨੂੰ ਇਕ 'ਮਹਾਂਕਵਿ' ਵਿੱਚ ਤਬਦੀਲ ਕਰਨਾ ਕਾਲਕੇ ਦੀ ਦੂਜੀ ਵੱਡੀ ਪ੍ਰਾਪਤੀ ਹੈ ਇਕ ਪੌਰਾਣਿਕ-ਕੰਨਿਆਂ ਨੂੰ ਪੰਜਾਬ ਦੀ 'ਹੀਰ' ਵਿੱਚ ਬਦਲ ਦੇਣਾ ਵੀ ਕਿਸੇ ਕ੍ਰਿਸ਼ਮੇਂ ਤੋਂ ਘੱਟ ਨਹੀਂ ਹੈ।

ਹੈਰਾਨੀ ਇਸ ਗੱਲ ਦੀ ਹੈ ਇਸ ਸਾਰੇ ਕੁੱਝ ਦਾ ਪਤਾ ਸਾਨੂੰ 'ਕਾਲੇਕੇ' ਦੇ ਸਵੈ-ਕਥਨ 'ਚਿੰਤਨ' ਵਿੱਚੋਂ ਹੀ ਲੱਗਦਾ ਹੈ। ਉਂਞ ਕਹਾਣੀ ਨੂੰ ਪੜ੍ਹਦਿਆਂ ਕਿਤੇ ਵੀ ਅਜਿਹਾ ਮਹਿਸੂਸ ਨਹੀਂ ਹੁੰਦਾ ਕਿ ਇਸ ਵਿੱਚ ਕੋਈ ਕੱਟ ਵੱਢ ਕੀਤੀ, ਜਾਂ ਕੋਈ ਨਵਾਂ ਜੋੜ ਲਾਇਆ ਗਿਆ ਹੈ।

ਕਵਿਤਾ ਵਿਚ ਸੁੰਦਰਤਾ, ਸੁਹਜ, ਸਹਜ, ਕੋਮਲਤਾ, ਰੋਚਿਕਤਾ, ਰੁਮਾਂਸ ਅਤੇ ਰਵਾਨੀ ਲਗਾਤਾਰ ਬਣੀ ਰਹਿੰਦੀ ਹੈ।

ਇਤਿਹਾਸਕ, ਮਿਥਿਆਸਕ ਅਤੇ ਵਰਤਮਾਨ ਦੇ ਬੇਸ਼ੁਮਾਰ ਹਵਾਲਿਆਂ ਨਾਲ ਭਰਪੂਰ ਇਸ ਰਚਨਾ ਦਾ ਸੁਆਗਤ ਕਰਨਾ ਬਣਦਾ ਹੈ।

ਨਿਰਸੰਦੇਹ, ਕਾਲੇਕੇ ਨੇ ਪੰਜਾਬੀ ਦੀਆਂ ਪ੍ਰਚਲਤ ਪ੍ਰੇਮ ਕਹਾਣੀਆਂ ਵਿੱਚ ਇਕ ਹੋਰ ਮੌਲਿਕ ਅਤੇ ਨਿੱਗਰ ਪ੍ਰੇਮ-ਗਾਥਾ ਦਾ ਵਾਧਾ ਕਰ ਦਿੱਤਾ ਹੈ।

-ਪ੍ਰੋ. ਜਸਪਾਲ ਘਈ
ਫ਼ਿਰੋਜ਼ਪੁਰ

# 4. ਇੱਕ ਸਫ਼ਲ ਪ੍ਰੀਵਰਤਨ

(ਪ੍ਰੋ. ਪ੍ਰਿਤਪਾਲ ਸਿੰਘ ਮਹਿਰੋਕ)

ਮੰਗਲਾਚਰਨ ਦੇ ਰੂਪ ਵਿਚ ਫਰਿਆਦ ਤੋਂ ਸ਼ੁਰੂ ਹੋ ਕੇ ਵੇਲਾਂ, ਝਿੜੀਆਂ, ਘਾਹ ਦੀ ਤਿੜ੍ਹਾਂ ਅਤੇ ਇਕ ਢੇਰੀ ਰੋੜਾਂ ਦੀ ਦਾ ਜ਼ਿਕਰ ਕਰਕੇ ਕਵੀ ਸਾਨੂੰ ਮੰਤਰ-ਮੁਗਧ ਕਰਕੇ ਕਹਾਣੀ ਦੇ ਨਾਲ ਲੈ ਤੁਰਦਾ ਹੈ, ਅਤੇ ਕਹਾਣੀ ਸੁਣਾਉਦੇ ਸੁਣਾਉਂਦੇ, ਉਹ ਸਾਨੂੰ ਲੱਗਪੱਗ ਸਾਰੇ ਬ੍ਰਹਿਮੰਡ ਦੀ ਸੈਰ ਵੀ ਕਰਾ ਦਿੰਦਾ ਹੈ ਅਤੇ ਪੁਰਾਤਨ ਭਾਰਤ-ਵਰਸ਼ ਦੀ ਸੱਭਿਅਤਾ ਸੰਸਕ੍ਰਿਤੀ ਅਤੇ ਇਸ ਦੇ ਤੱਤਕਾਲੀਨ ਸਰਸਬਜ਼ ਰੂਪ ਦੇ ਦਰਸ਼ਨ ਵੀ ਕਰਵਾ ਦਿੰਦਾ ਹੈ।

ਰਚਨਾ ਦੇ ਹਰ ਪੱਖ ਨੂੰ ਤਾਂ ਇਸ ਚੌਖਟੇ ਵਿੱਚ ਛੋਹਿਆ ਨਹੀਂ ਜਾ ਸਕਦਾ। ਅਸੀਂ ਏਥੇ ਕੇਵਲ ਉਸ ਦੁਆਰਾ ਵਰਤੀਆਂ ਗਈਆਂ ਕੁੱਝ ਕਲਾਤਮਕ ਬੁਰਸ਼-ਛੋਹਾਂ ਦਾ ਜ਼ਿਕਰ ਹੀ ਕਰਨਾ ਚਾਹਾਂਗੇ ਜਿਨ੍ਹਾਂ ਵਿਚ ਉਸ ਦੁਆਰਾ ਵਰਤੀਆਂ ਗਈਆ ਅਲੌਕਿਕ ਤਸ਼ਬੀਹਾਂ, ਕਾਵਿਕ ਬਿੰਬ, ਅਨੁਪ੍ਰਾਸਤਾ ਅਤੇ ਅਤਿਕਥਨੀ-ਅਲੰਕਾਰਾਂ ਆਦਿ ਦੀ ਇਕ ਝਲਕ ਹੀ ਦੇਖ ਸਕਾਂਗੇ।

ਤਸ਼ਬੀਹਾਂ — 1. ਜਿਉਂ ਕੁੜਮੱਤਾਂ ਮਸਤੀਆਂ ਕਰਦੀਆਂ ਖਰਖਸੀਆਂ ਹੋ।
2. ਜਿਉਂ ਝਾਟਮ-ਝੀਟੇ ਹੋ ਪਈਆਂ ਸੌਕਣਾਂ ਦੋਂ ਲੜੀਆਂ ਹੈ।
3. ਜਿਉਂ ਗੋਕਲ ਦੀਆਂ ਗੁਜਰੀਆਂ ਰਹੀਆਂ ਜਮਨਾ ਤੱਟ ਨਹਾ।
4. ਜਿਉਂ ਆਂਗਣ ਵਿੱਚ ਦੁਲਹਨ ਕੋਈ ਬੈਠੀ ਦਾਜ ਵਿਛਾ।
5. ਜਿਉਂ ਨੀਲ-ਕੰਠ ਦੀਆਂ ਜਟਾਂ ਚੋਂ ਗੰਗਾ ਨਿਕਲੀ ਰਿਸਿਆ।

ਅਤੇ ਹੋਰ ਬਹੁਤ

ਕਾਵਿਕ ਬਿੰਬ— 1. ਖੜਗੀ ਹੀਰ ਵੱਟ ਕੇ ਪਾਸਾ
2. ਡੌਰ-ਭੌਰ ਤੇ ਸੁੰਨ-ਮਸੁੰਨ ਹੋ ਖੜਿਆ ਉਹ ਟੁੱਨ-ਮਟੁੱਨ
3. ਸੌ ਮਾਵਾਂ ਦੀ ਗੋਦ ਬਰਾਬਰ, ਬ੍ਰਿਹੋਂ ਦੀ ਇਕ ਲੋਰੀ।
4. ਦਿਲ ਦੇ ਵਿਚੋਂ ਬਿਜਲੀ ਵਹਿ ਗਈ, ਸਾਬਣ ਤਾਰ ਚੀਰ ਕੇ ਲੈ ਗਈ।

ਅਤੇ ਹੋਰ

ਅਨੁਪ੍ਰਾਸਤਾ —

1. 'ਕ' ਕਮਰ ਮੇਰੀ ਨੂੰ ਕੀ ਮੈਂ ਆਖਾ, ਕੌਣ ਕਰ ਗਿਆ ਕੰਮ ਕਲੱਲਾ
ਕੰਵਲੀ ਦੀਆਂ ਕੰਵਲੀਆਂ ਕਰਤੂੰਤਾਂ, ਕਿਵੇਂ ਛੁਪਾਈਆਂ ਜਾਣ ਮੇਰੀਆਂ।
2. 'ਮ' ਮੇਰੇ ਮੱਥੇ ਕੋਈ ਨਾ ਲੱਗੇ, ਮੇਰਾ ਮੱਥਾ ਹੋਇਆ ਨਿਕਰਮਣ
ਮੱਥਾ ਮਾਰ-ਮਾਰ ਮੈਂ ਮਰਗੀ, ਉੱਲਾਂ ਵੱਜ-ਵੱਜ ਜਾਣ ਮੇਰੀਆਂ।
3. 'ਗ' ਦੇਖ ਮੇਰਿਆ ਗਿੱਟਿਆ ਉੱਤੇ ਗਿੱਠ ਗਿੱਠ ਗਰਦ ਚੜ੍ਹੀ ਤੇਰੇ ਗਮ ਦੀ।
4. 'ਲ' ਅਤੇ 'ਤ' ਲੱਕ ਮੇਰੇ ਤੋ ਲਹਿ ਗਿਆ ਲਹਿੰਗਾ, ਤੇੜੋਂ ਚੱਲੀ ਓਲਕ ਤੜਾਗੀ।

ਅਤੇ ਹੋਰ ਬੇਸ਼ੁਮਾਰ

ਅਤਿਕਥਨੀ — 1. ਉਸਨੇ ਸੱਤਰੰਗੀ ਪੀਂਘ ਦੇ ਰੰਗ ਸੱਤੇ ਚੀਰੇ ਜਾ।
2. ਮੱਸਿਆ ਦਾ ਵੇਹੜਾ ਖੋਜਿਆ, ਉਸ ਦੀਵੇ ਲੱਖ ਜਗਾ
3. ਉਸ ਸਾਰੇ ਜੰਗਲੀ ਜੀਵਾਂ ਦੇ ਢਿੱਡ ਪਾੜਕੇ ਦੇਖੇ ਚਾ।
4. ਉਹਨੇ ਖੋਜੀ ਸੱਚੇ ਰੱਬ ਦੀ, ਜੋ ਸੱਚੀ ਸੀ ਦਰਗਾਹ।

ਅਤੇ ਹੋਰ ਬੇਸ਼ੁਮਾਰ

ਇਸ ਤੋਂ ਇਲਾਵਾ ਬ੍ਰਿਹਾ, ਉਡੀਕ, ਵੈਰਾਗ, ਸੁੰਦਰਤਾ-ਵਰਨਣ, ਗਰਭ-ਪੀੜ ਦੀ ਵੇਦਨਾ ਵਰਨਣ ਦੇ ਨਾਲ ਨਾਲ ਉਹ ਆਪਣੇ ਕਾਵਿ ਵਿੱਚ ਨਦੀਆਂ , ਨਾਲਿਆਂ, ਜੰਗਲਾਂ, ਕੰਧਰਾਂ ਵਣਾਂ, ਉਪਵਨਾਂ ਆਸ਼ਰਮਾਂ ਪਹਾੜੀ, ਨੀਮ-ਪਹਾੜੀ ਅਤੇ ਢਲਾਣਾ ਆਦਿ ਦਾ ਜ਼ਿਕਰ ਕਰਦਾ ਕਰਦਾ ਪਰਾਸਰੀਰਕ ਸ਼ਕਤੀਆਂ ਦਾ ਵਰਨਣ ਕਰਦਾ ਹੋਇਆ ਉਹ ਇਕ ਪਰਾ-ਪ੍ਰਕ੍ਰਿਤਕ (ਸੁਪਰ-ਨੈਚਰਲ) ਵਾਤਾਵਰਣ ਸਿਰਜਣ ਦਾ ਕਮਾਲ ਵੀ ਕਰ ਵਿਖਾਉਂਦਾ ਹੈ।

ਖਲਨਾਇਕਾਂ ਵਰਗੇ ਮਿਥੀਹਾਸਿਕ ਨਾਇਕਾਂ ਦੀਆਂ ਆਪ-ਹੁਦਰੀਆਂ ਅਤੇ ਜ਼ਿਆਦਾਤੀਆਂ ਦੀ ਗੱਲ ਕਰਦਿਆਂ 'ਹੰਸ', ਕਿਰਤੀਆਂ, ਕਾਮਿਆਂ, ਮਜ਼ਦੂਰਾਂ ਦੇ ਸ਼ੋਸ਼ਤ ਵਰਗ ਦੇ ਸੰਦਰਭ ਵਿੱਚ ਅਧੁਨਿਕ ਅਰਥ ਜੋੜਕੇ ਉਹ ਸਮਾਜਵਾਦ ਦੇ ਸੰਕਲਪ ਨੂੰ ਵੀ ਉਘੇੜਦਾ ਹੈ। ਮਨੁੱਖੀ ਕੁਕਰਮਾਂ ਦੀ ਲੀਲਾ ਨੂੰ ਉਘਾੜਣ ਲਈ ਉਸਨੇ ਪਸ਼ੂਆਂ ਪੰਛੀਆਂ ਅਤੇ ਮੱਛੀਆਂ ਆਦਿ ਦੀ ਜੁਬਾਨੀ ਮਨੁੱਖ ਨੂੰ ਖਰੀਆਂ ਖਰੀਆਂ ਸੁਨਾਈਆਂ ਹਨ। ਮੱਛੀਆਂ ਦੀ ਜੁਬਾਨੀ ਕਵੀ ਨੇ ਨਿਘਰਦੀਆਂ ਜਾਂ ਰਹੀਆਂ ਮਾਨਵੀ ਕਦਰਾਂ-ਕੀਮਤਾਂ ਲਈ ਗਰਜ-ਪ੍ਰਸਤ ਮਨੁਖ ਨੂੰ ਜੁਮੇਵਾਰ ਠਹਿਰਾਇਆ ਹੈ ਅਤੇ ਮਾਨਵਤਾ ਦੇ ਨਿਕਲ ਰਹੇ ਜਨਾਜ਼ੇ ਲਈ ਉਸਨੂੰ ਸ਼ਰਮਸ਼ਾਰ ਹੋਣ ਲਈ ਮਜ਼ਬੂਰ ਕੀਤਾ ਹੈ। ਥੋਥਲੇ ਰੂੜੀਵਾਦੀ ਪਰਦਿਆਂ ਨੂੰ ਹਟਾ ਕੇ ਮਾਨਵ-ਜਗਤ ਦੀਆਂ ਉਦਾਤ ਭਾਵਨਾਵਾਂ ਨੂੰ ਮੂਰਤੀਮਾਨ ਕਰਨ ਲਈ ਉਹ ਯਤਨਸ਼ੀਲ ਹੈ। ਕੁੱਲ ਮਿਲਾ ਕੇ ਮੈਂ ਇਸ ਰਚਨਾ ਨੂੰ ਆਧੁਨਿਕ ਪੰਜਾਬੀ ਸਾਹਿਤ ਦੀਆਂ ਕੁੱਝ-ਕੁ ਉੱਚ-ਪਾਏ ਦੀ ਰਚਨਾਵਾਂ ਵਿਚ ਸ਼ੁਮਾਰ ਕਰਦਾ ਹਾਂ।

**—ਪ੍ਰੋ: ਪ੍ਰਿਤਪਾਲ ਸਿੰਘ ਮਹਿਰੋਕ**
**ਹੁਸ਼ਿਆਰਪੁਰ (ਗੌ;ਕਾ)**

# ਤਤਕਰਾ


1. ਫ਼ਰਿਆਦ 21
2. ਆਦਿਕਾ 22
3. ਦੁਸਿਅੰਤ ਦਾ ਸ਼ਿਕਾਰ ਕਰਨਾ ਆਉਣਾ 36
4. ਆਸ਼ਰਮ ਪ੍ਰਵੇਸ 46
5. ਪਲੇਠਾ-ਅਸਰ 54
6. ਮਿਲਾਪ 68
7. ਦੁਰਾਬਾਸਾ ਦਾ ਆਉਣਾ 72
8. ਸੱਤ ਮਹੀਨੇ-ਸੱਤ ਦਿਨ। 76
9. ਕਣਵ ਦਾ ਆਉਣਾ 88
10. ਵਿਰਲਾਪ 100
11. ਮੁੰਦਰੀ ਪ੍ਰਾਪਤੀ 104
12. ਕਸ਼ਯਪ ਰਿਖੀ ਦੇ ਆਸ਼ਰਮ ਵਿਚ 117
13. ਤਲਾਸ਼ 125
14 ਪੁਨਰ ਮਿਲਣ 129

# ਫ਼ਰਿਆਦ

ਸੁਣ ਫ਼ਰਿਆਦ ਪੀਰਾਂ ਦਿਆ ਪੀਰਾ,
ਸੁਣ ਰਹਿਮਤ ਵਾਲਿਆ ਸੱਜਣਾ ਵੇ ਹੋ।

ਤੈਂ ਪਰ ਵੱਡੜੀ ਆਸ ਅਸਾਡੀ
ਅਸੀਂ ਤੇਰੀ ਰਜ਼ਾਈਂ ਦਾਤਾ ਰੱਜਣਾ ਵੇ ਹੋ।

ਤੂੰ ਨਾ ਛੱਡੇ ਤਾਂ ਦਾਤਾ ਮੈਂ ਵੀ ਨੀ ਛੱਡਦਾ,
ਲੱਗ ਤੈਂ ਗੱਲ ਸਭ ਕੁਝ ਤੱਜਣਾ ਵੇ ਹੋ।

ਤੇਰੇ ਹਵਾਲੇ ਮੈਂਡਾ ਸਭ ਕੁਝ ਸਾਈਆਂ,
ਤੈਂ ਹੀ ਪਰਦਾ ਅਸਾਡਾ ਕੱਜਣਾ ਵੇ ਹੋ।

# 1. ਆਦਿਕਾ

ਇਕ ਵਣ ਦੀ ਸੋਹਣੀ ਨੁੱਕਰੇ,
ਕੁੱਝ ਵੇਲਾਂ ਵਸੀਆਂ ਹੋ।
ਕੁਝ ਚੜ੍ਹੀਆਂ ਬੰਨ੍ਹੇ ਰੁੱਖਾਂ ਦੇ,
ਕੁਝ ਧਰਤੀ ਧੱਸੀਆਂ ਹੋ।
ਕੁਝ ਝੂਮਣ ਵਿਚ ਜਵਾਨੀਆਂ,
ਜਿਉਂ ਅਜਗਰ ਡੱਸੀਆਂ ਹੋ।
ਕੁਝ ਨਾਗ ਵਲਾਵੇ ਪਾ ਪਾ,
ਆਪੋ ਵਿਚ ਫਸੀਆਂ ਹੋ।
ਕੁਝ ਆਪੋ ਵਿਚੀਂ ਲੱਗਦੀਆਂ,
ਕੁਝ ਕਸੀਆਂ ਕਸੀਆਂ ਹੋ।
ਜਿਉਂ ਝੂਠੀ ਮੂਠੀ ਰੁੱਸੀਆਂ,
ਤ੍ਰਿਵਣਾਂ ਵਿਚ ਸਖੀਆਂ ਹੋ।
ਕੁਝ ਕੱਤਣ ਤੰਦਾਂ, ਲੰਬੀਆਂ,
ਜਿਉਂ ਰੇਸ਼ਮ ਰੱਸੀਆਂ ਹੋ।
ਕੁਝ ਨਿਕਲੀਆਂ ਵਿਚ ਉਜਾੜ ਦੇ,
ਹੋ ਕੇ ਬੇ-ਵਸੀਆਂ ਹੋ।
ਜਿਉਂ ਜਾਲੋਂ ਨਿਕਲ ਹਿਰਨੀਆਂ।
ਜੰਗਲਾਂ ਵੱਲ ਨੱਸੀਆਂ ਹੋ।
ਕੁਝ ਕੁ ਜਾਪਣ ਹੱਸਦੀਆਂ,
ਕੁਝ ਖਾਵਣ ਗਸੀਆਂ ਹੋ।
ਜਿਉਂ ਕੁੜਮੱਤਾਂ ਮਸਤੀਆਂ,
ਕਰਦੀਆਂ ਖਰਖੱਸੀਆਂ ਹੋ।

ਫਿਰ ਵੀ ਕੁਝ ਬਿਹਬਲ ਲੱਗਦੀਆਂ,
ਜਿਉਂ ਪਿੰਜਰੇ ਫਸੀਆਂ ਹੋ।
ਜਾਂ ਪੀਅ ਆਪਣੇ ਪਰਦੇਸੀ ਦੇ,
ਉਹ ਬ੍ਰਿਹੇ ਗੱਸੀਆਂ ਹੋ।

ਹਿੱਕ ਧਰਤੀ ਦੀ ਤੇ ਘਾਹ ਦੀਆਂ,
ਕੁਝ ਤਿੱੜ੍ਹਾਂ ਲਾਸਾਨੀ ਹੋ।
ਅੰਗੀਂ ਰੌਂਦੀ ਲਾਲ ਰੱਤ,
ਮਦਹੋਸ਼ ਜਵਾਨੀ ਹੋ।
ਰੋੜਾਂ ਉਪਰ ਫ਼ਿਰਦੀਆਂ,
ਜੀਕਣ ਸੈਲਾਨੀ ਹੋ।
ਨਾ ਮਲ੍ਹਿਆਂ ਦਾ ਡਰ ਮੰਨਦੀਆਂ,
ਐਸੀਆਂ ਲਾਫਾਨੀ ਹੋ।
ਜਿਨ੍ਹਾਂ ਉਪਰ ਨਿੱਤ ਨੱਚਦੀ,
ਕੋਈ ਫਿਜਾਂ ਰੂਹਾਨੀ ਹੋ।
ਅੱਜ ਸਹਿਮ-ਸਹਿਮ ਪੱਬ ਧਰਦੀਆਂ,
ਜਿਉਂ ਉਮਰ ਨਾਦਾਨੀ ਹੋ।
ਬਿੱਟ-ਬਿੱਟ ਰਾਹਾਂ ਵੱਲ ਤਕਦੀਆਂ,
ਹੋਈਆਂ ਗ਼ਮਗ਼ਾਨੀ ਹੋ।
ਫਿੱਕਾ ਪੈ ਗਿਆ ਰੰਗ ਉਨ੍ਹਾਂ ਦਾ
ਜ਼ਰਦ ਕਾਸਾਨੀ ਹੋ।
ਲੱਗਣ ਜਿੱਦਾਂ ਸੁਣਦੀਆਂ,
ਕੋਈ ਦਰਦ ਕਹਾਣੀ ਹੋ।
ਜਾਂ ਰੁੱਸ ਗਿਆ ਕੋਈ ਢੋਲ,
ਉਨ੍ਹਾਂ ਜਦਾ ਦਿਲਬਰ ਜਾਨੀ ਹੋ।

ਇਕ ਪਾਸੇ ਸਹਿਮ ਖੜੋਤੀਆਂ,
ਕੁਝ ਜੰਗਲੀ ਝਿੜੀਆਂ ਨੀ।
ਜੋ ਗੁੱਥਮ-ਗੁੱਥਾ ਹੋ ਕੇ,
ਆਪੋ ਵਿਚ ਜੁੜੀਆਂ ਨੀ।
ਜਿਉਂ ਝਾਟਮਝੀਏ ਹੋ ਪਈਆਂ,
ਸੌਕਣਾਂ ਦੋ ਲੜੀਆਂ ਨੀ।
ਇਨ੍ਹਾਂ ਵਿਚ ਸਹਿਮੀਆਂ ਬੈਠੀਆਂ,
ਜ਼ੁਲਮਾਂ ਤੋਂ ਡਰੀਆਂ ਨੀ।
ਘੁੱਗੀਆਂ ਤੇ ਗੁਟਾਰਾਂ ਨੀ,
ਸੇਹੜੀਆਂ ਤੇ ਚਿੜੀਆਂ ਨੀ।
ਕਿਸੇ ਲੱਕੜਹਾਰੇ, ਪੈਰ ਤੋਂ,
ਸਿਰ ਤੀਕਰ ਘੜੀਆਂ ਨੀ।
ਕੁਝ ਬਿਜਲੀ ਮਾਰੀਆਂ ਨੀ,
ਕੁਝ ਅਗਨੀ ਸੜੀਆਂ ਨੀ।
ਫਿਰ ਵੀ ਸੀਰਤ ਦੀਆਂ ਜੋ,
ਉਦਾਰ ਨੇ ਬੜੀਆਂ ਨੀ।
ਕਈ ਪ੍ਰੇਮੀ ਜੋੜਿਆਂ ਦੇ,
ਅਹਿਸਾਨੀ ਖੜੀਆਂ ਨੀ।
ਜਿਨ੍ਹਾਂ ਦੀਆਂ ਕੁੱਖਾਂ ਇਸ਼ਕ ਵਿਚ,
ਬਾਗ਼ੀ ਹੋ ਖੜੀਆਂ ਨੀ।
ਉਹ ਡਰ ਖਾ ਕੇ ਕਿਸੇ ਕਲੰਕ ਦਾ,
ਝਿੜੀਆਂ ਲੜ ਲੜੀਆਂ ਨੀ।
ਕਈ ਵਾਰ ਜਨੇਪਾ ਕੱਟਣ ਲਈ,
ਕੁੱਝ ਕੁਆਰੀਆਂ ਛੜੀਆਂ ਨੀ।
ਝਿੜੀਆਂ ਨੂੰ ਪੇਕਾ ਸਮਝ ਕੇ,
ਝਿੜੀਆਂ ਵਿਚ ਵੜੀਆਂ ਨੀ।
ਅੱਜ ਸਿਮਟ-ਸਿਮਟ ਕੇ ਬੈਠੀਆਂ,
ਜਿਉਂ ਸੱਥਰੀ ਬੁੜੀਆਂ ਨੀ।
ਪਾ-ਪਾ ਗਲਫੜੀਆਂ ਮਿਲਦੀਆਂ,
ਆਪੋ ਵਿਚ ਜੁੜੀਆਂ ਨੀ।

ਇਕ ਪਾਸੇ ਪਤਾ ਨਹੀਂ ਕਦੋਂ ਦੀ,
ਪਈ ਢੇਰੀ ਰੋੜਾਂ ਦੀ।
ਘੋਗਿਆਂ ਤੇ ਸਿੱਪੀਆਂ ਦੀ,
ਦੀਵਿਆਂ ਦੇ ਬੋੜਾਂ ਦੀ।
ਪੱਥਰਾਂ ਤੇ ਗੀਟਿਆਂ ਦੀ,
ਮੂੰਗਿਆਂ ਬੇਲੋੜਾਂ ਦੀ।
ਰੁਲ ਖੁਲ ਕੇ ਜੁੜਿਆਂ ਦੀ,
ਲੱਖਾਂ ਨਹੀਂ ਕਰੋੜਾਂ ਦੀ।
ਉੱਥੇ ਬਹਿ ਗੱਲ ਛੇੜੀ ਪੰਛੀਆਂ,
ਬ੍ਰਿਹੋਂ ਦਿਆਂ ਹੋੜਾਂ ਦੀ।
ਰੁੱਸਣ ਦੀ ਜੁਦਾਈਆਂ ਦੀ,
ਟੁੱਟਣ ਦੀ ਜੋੜਾਂ ਦੀ।

*(ਇਸ ਸੁਹਾਵਣੇ ਚੁਗਿਰਦੇ ਵਿਚ ਇਕ ਨਵਜੰਮ ਬੱਚਾ ਪੱਤਿਆਂ ਅਤੇ ਫੁੱਲਾਂ ਦੀ ਸੇਜ ਤੇ ਅਡੋਲ ਅਤੇ ਬੇਖੌਫ਼ ਪਿਆ ਹੈ। ਇੰਝ ਜਾਪਦਾ ਹੈ ਜਿਵੇਂ ਉਹ ਕੁਦਰਤ ਨਾਲ ਖੇਡ ਰਿਹਾ ਹੋਵੇ।)*
*(ਠੇਰੀ ਉਪਰ ਬੈਠੇ ਪੰਛੀ ਇਸੇ ਬੱਚੇ ਵੱਲ ਸੰਕੇਤ ਕਰਕੇ ਗੱਲਾਂ ਕਰਦੇ ਹਨ।)*

## ਪਹਿਲਾ ਪੰਛੀ

ਅੱਜ ਮੈਂ ਅਚਰਜ ਦੇਖਿਆ,
ਇਕ ਨਵਜੰਮ ਬੱਚਾ ਅਡੋਲ।
ਨਾਂ ਰੋਂਦਾ ਨਾ ਹੱਸਦਾ,
ਨਾ ਰਹਿਆ ਕੁੱਝ ਬੋਲ।
ਇਕ ਕੁਦਰਤ ਦਾਈ ਦੋ ਬਿਨਾ,
ਨਾ ਮਾਂ-ਪਿਓ ਉਸਦੇ ਕੋਲ।

ਇਹ ਤਾਂ ਮੈਨੂੰ ਜਾਪਦਾ,
ਮੋਤੀ ਕੋਈ ਅਨਮੋਲ।
ਛਪਾਉਣ ਲਈ 'ਕਿਸੇ' ਜੱਗ ਤੋਂ,
ਕੋਈ ਆਪਣਾ ਕਾਲਾ ਪੋਲ।
ਇਸ ਸੁੰਨੇ ਵਿਚ ਉਜਾੜ ਦੇ,
ਆਪਣੇ ਲੜੋਂ ਦਿੱਤਾ ਹੈ ਖੋਹਲ।
ਕੋਈ ਦੱਸੋ ਮੈਨੂੰ ਖੋਹਲ ਕੇ,
ਇਹ ਗੱਲ ਕੋਈ ਲੱਗਦੀ ਗੋਲ।

## ਦੂਜਾ ਪੰਛੀ

ਇਹ ਤਾਂ ਮਿੱਤਰਾ ਰੱਬ ਦੀ,
ਕੋਈ ਅਚਰਜ ਹੀ ਹੈ ਗੱਲ।
ਸਾਨੂੰ ਤਾਂ ਹੈ ਏਸਦਾ।
ਕੋਈ ਆਪ ਨ ਲੱਗਦਾ ਲੱਲ੍ਹ,
ਹੋਵੇ ਨਾ ਤਾਂ ਪੁੱਛੀਏ,
ਅਸੀਂ ਬੁੱਢੇ ਹੰਸ ਤੋਂ ਚੱਲ।
ਜੋ ਬੈਠਾ ਵਿਚ ਦਰਿਆ ਦੇ,
ਇਕ ਉੱਚੀ ਠੇਰੀ ਮੱਲ।

## ਸਾਰੇ ਪੰਛੀ

ਠੀਕ ਸਮੇਂ ਤੇ ਠੀਕ ਦੋਸਤਾ,
ਦਿਤੈ ਤੂੰ ਸੁਝਾਅ।
ਚੱਲੋ ਚੱਲ ਪੁਛੀਏ ਓਸਨੂੰ,
ਅਸੀਂ ਗਲ ਵਿਚ ਪੱਲੂ ਪਾ।

(ਸਾਰੇ ਪੰਛੀ ਹੰਸ ਦੇ ਪਾਸ ਜਾਂਦੇ ਹਨ।)

ਸਾਰੇ ਪੰਛੀਆਂ ਹੰਸ ਨੂੰ,
ਜਾ ਕੀਤੀ ਨਿਮਸਕਾਰ।
ਅਤੇ ਪੁੱਛਣ ਲੱਗੇ ਓਸ ਤੋਂ,
ਗੁਰ ਮਰਿਆਦਾ ਅਨੁਸਾਰ।
ਸਾਨੂੰ ਦੱਸੀਂ ਬਾਬਾ ਬੁੱਢਿਆ,
ਤੂੰ ਸੱਚੀ ਗੱਲ ਨਿਤਾਰ।

ਜੋ ਅੱਜ ਸਵੇਰੇ ਦੇਖਿਆ,
ਅਸੀਂ ਉੱਠ ਕੇ ਚਮਤਕਾਰ।
ਓਦੋਂ ਤੋਂ ਹੈ ਅਸਾਂ ਦੇ,
ਦਿਲ ਡਾਢੇ ਬੇ-ਇਕਰਾਰ।
ਕੀ ਇਹ ਵੀ ਓਸੇ ਰੱਬ ਦੀ,
ਹੈ ਸੱਚੀ ਸੁੱਚੀ ਕਾਰ?
ਜਿਸਨੂੰ ਲੋਕੀਂ ਆਖਦੇ ਨੇ,
ਜੱਗ ਦਾ ਪਰਵਰਦਗਾਰ।

## ਹੰਸ

ਚੰਗਾ ਸੀ ਜੇ ਨਾ ਪੁੱਛਦੇ,
ਤੁਸੀਂ ਇਹ ਸੁਆਲ ਭਰਾ।
ਇਹ ਤਾਂ ਕੋਈ ਜੱਗ ਤੇ,
ਹੈ ਕੌਤਕ ਨਹੀਂ ਨਵਾਂ।
ਐਹੋ ਜਿਹੀਆਂ ਨਿੱਤ ਹੁੰਦੀਆਂ,
ਕੀ ਇਸ ਵਿਚ ਅਜਬ ਅਦਾ?
ਇਹ ਜਗਤ ਮਾਈ ਦਾ ਵੱਸਦਾ,
ਕੋਈ ਰੋ ਰਿਹਾ ਕੋਈ ਗਾ।
ਕੀ ਲੋਕਾਂ ਦਾ ਦੁੱਖ ਪੁੱਛਦੇ,
ਲਓ ਆਪਣਾ ਵਕਤ ਲੰਘਾ।

## ਪੰਛੀ

ਸਾਡੇ ਭਾਅ ਦਾ ਇਹ ਤਾਂ,
ਕੋਈ ਪਰਬਤ ਪਾਟ ਗਿਆ।
ਕੋਈ ਚੱਲੀ ਹਨੇਰੀ ਜ਼ੁਲਮ ਦੀ,
ਜਿਸ ਲੂੰ-ਲੂੰ ਲੂਹ ਦਿੱਤਾ।
ਸਾਨੂੰ ਖਾਣ ਪੀਣ ਨਾ ਸੁੱਝਦਾ,
ਸਾਡਾ ਸਾਹ ਵਿਚ ਰਲੇ ਨਾ ਸਾਹ।
ਤੂੰ ਕਹਿਨਾਂ ਬਾਬਾ ਬੁੱਢਿਆ,
ਨਹੀਂ ਇਸ ਵਿਚ ਲੰਮ ਚੜ੍ਹਾ।

## ਹੰਸ

ਖੈਰ ਐਦਾਂ ਤਾਂ ਮੈਂ ਦੱਸਦਾਂ,
ਜੋ ਇਸ ਵਿਚ ਭੇਦ ਗੁੱਝਾ।
ਜਦੋਂ ਆ ਗਏ ਮੇਰੇ ਕੋਲ ਹੀ,
ਤੁਸੀਂ ਚੱਲ ਕੇ ਚਾਰ ਭਾਰ।
ਪਰ ਚੰਗਾ ਸੀ, ਜੇ ਗੱਲ ਤੇ,
ਤੁਸੀਂ ਦਿੰਦੇ ਮਿੱਟੀ ਪਾ।
ਤੇ ਉਸ ਡਾਢੇ ਕਰਤਾਰ ਦੀ,
ਹੁੰਦੀ ਨਾ ਬਦਨਾਮ ਰਜ਼ਾ।
ਤੇ ਉਸਦੇ ਦੇਵਾਂ ਦੇਵਤਿਆਂ ਦਾ,
ਭੇਦ ਨਾ ਖੁੱਲ੍ਹਦਾ ਚਾ।

## ਸਾਰੇ ਪੰਛੀ

ਹੈ! ਕੀ ਅਸੀਂ ਸੁਣ ਰਹੇ ਹਾਂ,
ਕੋਈ ਚੱਜ ਦੀ ਗੱਲ ਸੁਣਾ।
ਕੀ? ਉਸਦੇ ਦੇਵਾ ਦੇਵਤਿਆਂ ਦੇ,
ਆਸੇ ਕਰਮ ਕਸਾ?

## ਹੰਸ

ਹਾਂ—ਉਸਦੇ ਦੇਵਾ ਦੇਵਤਿਆਂ ਦੀ,
ਖੇਡ ਹੈ— ਇਕ ਅਦਾ।
ਤੇ ਉਹਨਾਂ ਦੀ ਕਰਤੂਤ ਦਾ,
ਇਹ ਭਾਂਡਾ ਭੱਜ ਗਿਆ।

## ਪੰਛੀ

(ਹੈਰਾਨ ਹੋ ਕੇ ਅਤੇ ਕਾਹਲੀ ਨਾਲ)

ਸੁਣਾ ਬਜ਼ੁਰਗਾ ਸੁਣਾ ਤੂੰ,
ਸਾਨੂੰ ਸੱਚੀ ਗੱਲ ਸੁਣਾ।
ਅਤੇ ਸਾਡੇ ਸੜਦੇ ਸੀਨਿਆਂ ਦੀ,
ਜਲਦੀ ਅੱਗ ਬੁਝਾ।

(ਹੰਸ ਕਹਾਣੀ ਸ਼ੁਰੂ ਕਰਦਾ ਹੈ।)

ਆਦਿ ਕਲੂਟੇ ਕਲਜੁਗ ਦੇ,
ਇਹ ਕੌਤਕ ਵਰਤ ਗਿਆ।
ਓਦੋਂ ਇਸ ਆਰੀਆ ਦੇਸ਼ ਦੀ,
ਸੀ ਨੀਮ ਗੁਲਾਬੀ ਭਾਅ।
ਪੁਰ ਰੌਣਕ, ਸਰਸਬਜ਼ ਜਹੀ,
ਸੀ ਚੱਲਦੀ ਨਿੱਤ ਸਬਾ।
ਵਾਂਗ ਦੁਲਹਨਾਂ ਗੁਟਕਦੀ,
ਇੱਥੇ ਰਹਿੰਦੀ ਸਦਾ ਫ਼ਿਜ਼ਾ।
ਉਸ ਵੇਲੇ ਸਾਡੇ ਦੇਸ਼ ਤੇ,
ਸੀ ਡਾਢਾ ਖ਼ੁਸ਼ੀ ਖ਼ੁਦਾ।
ਓਦੋਂ ਦੀ ਸਾਡੀ ਸੱਭਿਅਤਾ,
ਗਿਰਿ ਚੋਟੀਆਂ ਛੋਹੀਆਂ ਜਾ।
ਦੁਨੀਆਂ ਵਿਚ ਇਸ ਧਰਤ ਤੇ,
ਇਹ ਦੇਸ਼ ਸੀ ਸੁਰਗ ਜਿਹਾ।

## ਪੰਛੀ

ਸਾਡੇ ਸੀਨੇ ਠੰਢਕ ਵਰਤਦੀ,
ਵਾਹ ਪਿਤਾਮਾ ਵਾਹ।
ਫਿਰ ਦੱਸੋ ਕਿਸਦੀ ਨਜ਼ਰ,
ਦੇਸ ਦੀ ਸੁੰਦਰਤਾ ਗਈ ਖਾ।
ਜਾਂ ਫੇਰ ਕਿਸੇ ਦਰਵੇਸ਼ ਦਾ,
ਇਹਨੂੰ ਲੱਗ ਸਰਾਪ ਪਿਆ।

## ਹੰਸ

ਤਾਂ ਵਿਸ਼ਵਾਂ ਮਿੱਤਰ ਨਾਂ ਦਾ,
ਇਕ ਹੋਇਆ ਮੁਨੀ ਮਹਾ।
ਤੇ ਤੇਜਸਵੀ ਉਹ ਦੇਵਤਾ,
ਕੌਸ਼ਕ ਗੋਤਰ ਵਾਲਾ।
ਤਪੀਆਂ ਦੇ ਸਿਰ ਤਪੀ ਉਹ,
ਜਨਤਾ ਦਾ ਰਖਵਾਲਾ।

ਜਿਉਂ ਨਾਰਦ ਵਿਆਸ ਵਸ਼ਿਸ਼ਟ ਸੀ,
ਦਰੌਣ ਜਾਂ ਦੁਰਬਾਸਾ।
ਉਸ ਬੈਠ ਨਿਰਾਲੀ ਗੁੱਠ ਵਿਚ,
ਸੈ ਬਰਸਾਂ ਤਪ ਕੀਤਾ।
ਉਸ ਬ੍ਰਹਮਾ ਬਿਸ਼ਨੂੰ ਪੂਜਿਆ,
ਸਿਮਰੀ ਮਾਤਾ ਗਿਰਜਾ।
ਉਸ ਸਿਮਰਿਆ ਰਾਮ ਰਹੀਮ ਨੂੰ,
ਜੋ ਕਾਰਣ ਕਰਨ ਖੁਦਾ।
ਤਾਂ ਸੁਣਿਆਂ ਇੰਦਰ ਦੇਵ ਦਾ,
ਓਦੋਂ ਆਸਣ ਡੋਲ ਗਿਆ।
ਉਸ ਤੱਕਿਆ ਵਿਸ਼ਵਾ ਮਿਤਰ ਨੂੰ,
ਜੋ ਬੈਠਾ ਧੂਣੀਆਂ ਤਾ।
ਤੇ ਉਸਦੇ ਦਿਲ ਵਿਚ ਈਰਖਾ,
ਦਾ ਭਾਂਬੜ ਮੱਚ ਪਿਆ।
ਤੇ ਉਸਦਾ ਤਪ ਭੰਗ ਕਰਨ ਦੇ,
ਓਹ ਸੋਚਣ ਲੱਗਾ ਉਪਾਅ।

ਸੁਣਿਆ ਹੋਣੈਂ ਤੁਸੀਂ ਵੀ,
ਉਹ ਹੈ ਸਾੜੇ ਭਰਿਆ।
ਸਭ ਦੇਵਤਿਆਂ 'ਚੋਂ ਉਹ ਹੈ,
ਕਾਮੀ ਤੇ ਹਵਸ ਭਰਾ।
ਓਹ ਕਰਦਾ ਮੁਜਰੇ ਸੁਰਗ ਵਿਚ,
ਨਿੱਤ ਆਪਣੀ ਸਭਾ ਸਜਾ।
ਨਿੱਤ ਚੱਲਣ ਦੌਰ ਸ਼ਰਾਬ ਦੇ,
ਤੇ ਨਚਣ ਪਰੀਆਂ ਆ।
ਉਸਦੇ ਖਾੜੇ ਦੀਆਂ ਨਾਰਾਂ ਦਾ,
ਹੈ ਜੱਗ ਤੋਂ ਰੂਪ ਜੁਦਾ।
ਨਾਰਾਂ ਦੇ ਵਿਚ ਨਾਰ ਹੈ,
ਇਕ ਸੋਹਣੀ ਮੇਨਿਕਾ।
ਉਹਦੇ ਰੂਪ ਦੀ ਚੌਦਾਂ ਲੋਕ ਵਿਚ,
ਹੁੰਦੀ ਹੈ, ਨਿੱਤ ਚਰਚਾ।

ਉਸ ਭੇਜੀ ਨਾਰ ਜੋ ਮੇਨਿਕਾ
ਸੋਹਣਾ ਹਾਰ ਸ਼ਿੰਗਾਰ ਲੁਆ।
ਧਰਤੀ ਨੂੰ ਕਾਂਬਾ ਛੁਟਿਆ,
ਤੇ ਅੰਬਰ ਹਿੱਲ ਗਿਆ।
ਜਦ ਚਲੀ ਹਨੇਰੀ ਵਾਂਗ ਉਹ,
ਲੱਖ ਵਾ ਵਰੋਲੇ ਖਾ।
ਜਿਉਂ ਦਹਿਸਰ ਦੇ ਪਾਵਿਉਂ,
ਕਾਲ ਬੱਧਾ ਛੁੱਟ ਗਿਆ।
ਜਿਉਂ ਨੀਲ-ਕੰਠ ਦੀਆਂ ਜਟਾਂ 'ਚੋਂ,
ਗੰਗਾ ਨਿਕਲੀ ਰਿਸਿਆ।
ਜਿਉਂ ਹਿੱਕ ਮੇਘ ਦੀ ਚੀਰਦੀ,
ਬਿੱਜ ਧਰਤੀ ਡਿੱਗੀ ਆ।
ਉਹ ਝੂਲੇ ਵਾਂਗਰ ਹਾਥੀਆਂ,
ਜਾਂ ਤੁਰਦੀ ਸੀ ਨਸ਼ਿਆ।
ਜਿਉਂ ਰੱਜਿਆ ਜੱਟ ਸ਼ਰਾਬ ਦਾ,
ਤੁਰਦਾ ਗੇੜੇ ਖਾ-ਖਾ।
ਉਸਨੂੰ ਆਪਣੇ ਰੂਪ ਦਾ,
ਕੋਈ ਚੜ੍ਹਿਆ ਲਗੇ ਨਸ਼ਾ।
ਜਿਉਂ ਨਾਗ ਮਣੀ ਨਾਲ ਖੇਡਦਾ,
ਹੋਇਆ ਫਿਰਦਾ ਬਉਰਾ।
ਜਿਉਂ ਮਾਣਸ ਦੇਹੀ ਲੱਭਦਾ,
ਸਦੀਆਂ ਦਾ ਦੈਂਤ ਭੁੱਖਾ।
ਉਸ ਕਾਲੀ ਬੋਲੀ ਰਾਤ ਨੂੰ,
ਦਿੱਤਾ ਇਕ ਦਮ ਰੁਸ਼ਨਾ।

ਗ਼ੁਲ ਹੋਈਆਂ ਖਾਰਾਂ ਡਾਲੀਆਂ,
ਸੁੱਕੇ ਚਮਨ ਗਏ ਮਹਿਕਾ।
ਜਾਂ ਪਹੁੰਚੀ ਕੁਟੀਆਂ ਰਿਖੀ ਦੀ,
ਅਖੀਂ ਚੜ੍ਹਿਆ ਕਾਮ ਨਸ਼ਾ।

ਝੱਟ ਕਾਮਦੇਵ ਵੱਸ ਹੋ ਗਿਆ,
ਸਾਰਾ ਹੀ ਚੌਗਿਰਦਾ।
ਚੀਲਾਂ, ਚਮਗਿੱਦੜਾ, ਉੱਲੂਆਂ,
ਦਿੱਤਾ ਚੜਚੋਲਾ ਪਾ।
ਜਾਂ-ਜਾ ਕੇ ਕੋਲੇ ਰਿਖੀ ਦੇ,
ਓਹ ਹੱਸੀ ਹੜ-ਹੜਾ।
ਜਾਂ ਚਾਰ ਚੁਫੇਰਾ ਗੂੰਜਿਆਂ,
ਜਿਉਂ ਪਰਬਤ ਪਾਟ ਗਿਆ।
ਤਾਂ ਮਸਤ ਵਜਦ ਵਿਚ ਰਿਖੀ ਦਾ,
ਸੀ ਛੁੱਟ ਧਿਆਨ ਗਿਆ।
ਜਿਉਂ ਹੀ ਉਸ ਅੱਖਾਂ ਖੋਲ੍ਹੀਆਂ,
ਉਹ ਸਭ ਕੁਝ ਭੁੱਲ ਗਿਆ।
ਇਸ਼ਕ ਹਕੀਕੀ ਓਸਦਾ,
ਦੁਨਿਆਵੀ ਹੋ ਚੱਲਿਆ।
ਖੜੀ ਮੇਨਿਕਾ ਨਾਰ ਤੇ,
ਓਹ ਪਲ ਵਿਚ ਡੁੱਲ੍ਹ ਗਿਆ।
ਸਭ ਕੀਤਾ ਕੱਤਰਿਆ ਓਸਨੇ,
ਝੱਟ ਦਿੱਤਾ ਖੂਹ ਵਿਚ ਪਾ।
ਤੇ ਸਾਰੇ ਜੱਗ ਤੋਂ ਦੋਸਤੋ,
ਇਹ ਲ੍ਹਾਂਭਾ ਖੱਟ ਲਿਆ।

## ਪੰਛੀ ਹੈਰਾਨ ਹੋ ਕੇ

ਕੀ ਓਸੇ ਇੰਦਰ ਦੇਵ ਦਾ,
ਹੈ ਕੀਤਾ ਇਹ ਕਾਰਾ।
ਜੋ ਸੜ ਰਹੀ ਧਰਤੀ ਮਾਂ ਤੇ,
ਅੰਮ੍ਰਿਤ ਦੇਂਦਾ ਵਰਸਾ।
ਤੇ ਖੇਤਾਂ ਦੇ ਵਿਚ ਅੰਨ ਦੀ,
ਦਿੰਦਾ ਹੈ ਛਹਿਬਰ ਲਾ।

## ਹੰਸ

ਹਾਂ ਓਸੇ ਇੰਦਰ ਦੇਵ ਦੀ,

ਹੀ ਮੈਂ ਹਾਂ ਗੱਲ ਕਰਦਾ।
ਜੋ ਝੜੀਆਂ ਲਾ ਕਰੁੱਤੀਆਂ,
ਸਾਡੇ ਕਰਦਾ ਖੇਤ ਤਬਾਹ।
ਤੇ ਮਿਹਨਤ-ਕਸ਼ਾਂ ਦੇ ਮਾੜੂਏ,
ਜੇਹੇ ਕੋਠੇ ਦਿੰਦਾ ਢਾਹ।
ਜੋ ਹੁੰਦੇ ਚਾਰ ਪਸੇਰੀਆਂ,
ਲੈ ਜਾਂਦਾ ਹੜ੍ਹੀਂ ਰੁੜ੍ਹਾਂ।
ਜਿਸ, ਧਰਮੀ ਰਾਜਾ ਹਰੀ ਚੰਦ,
ਸੀ ਦਿੱਤਾ ਖਾਕ ਰੁਲਾ।
ਜੋ ਗੌਤਮ ਨਾਰ ਅੱਹਲਿਆ,
ਦੇ ਰੂਪ ਤੇ ਡੁੱਲ ਗਿਆ
ਤੇ ਕਾਲੀ ਉਸ ਕਰਤੂਤ ਦਾ,
ਲਿਆ ਕਾਲਾ ਦਾਗ ਲੁਆ।
ਕਰਨ ਬਲੀ ਦੇ ਨਾਲ ਵੀ,
ਜਿਸ ਕੀਤਾ ਰੱਜ ਦਗਾ।
ਵਿਸ਼ਵਾ ਮਿੱਤਰ ਕੌਣ ਸੀ,
ਉਸ ਅੱਗੇ ਵਿਚਾਰਾ।

ਦੋਸਤੋ— ਕੁਝ ਨੇ ਇੰਦਰ ਧਰਤ ਦੇ,
ਤੇ ਕੁਝ ਧਰਤੀ ਤੋਂ ਦੂਰ।
ਮਜ਼ਲੂਮਾਂ ਦੀਆਂ ਮਿਹਨਤਾਂ,
ਜੋ ਕਰਦੇ ਚਕਨਾਚੂਰ।
ਜੋ ਜਰਦੇ ਕਦੇ ਨਾ ਦੇਖ ਕੇ,
ਸਾਡੇ ਖੇਤੀਂ ਫ਼ਸਲੀ ਬੂਰ।
ਉਹ ਕਦੋ ਨਾ ਜਰਦੇ ਦੇਖ ਕੇ,
ਸਾਡੇ ਆਂਗਣ ਵਰ੍ਹਦਾ ਨੂਰ।
ਔਪਰ ਦੇਖੋਗੇ ਦੋਸਤੋ,
ਉਹ ਦਿਨ ਨਹੀਂ ਹਨ ਦੂਰ।
ਧਰਤੀ ਦੇ ਮਾਲਕ ਹੋਣਗੇ,
ਕਿਰਤੀ ਕਾਮੇ ਮਜ਼ਦੂਰ।
ਇਹ ਇੰਦਰ ਧਰਤੀ ਸੁਰਗ ਦੇ,

ਕਿਤੇ ਰਹੇ ਹੋਣਗੇ ਝੂਰ।
ਇਹ ਅਦਲਾ-ਬਦਲੀ ਕੁਦਰਤੀ,
ਉਸ ਡਾਢੇ ਦਾ ਦਸਤੂਰ।

## ਪੰਛੀ

ਬਾਬਾ ਤੇਰੀ ਗੱਲ ਦਾ,
ਅਸੀਂ ਮੁੱਲ ਨਾ ਸਕਦੇ ਪਾ।
ਐਦਾਂ ਦਾ ਹੀ ਸਮਾਂ ਕੋਈ,
ਜੋ ਧਰਤ ਤੇ ਜਾਵੇ ਆ।
ਹੋਣ ਕਾਮੇ ਮਾਲਕ ਖੇਤ ਦੇ,
ਪਿੰਡਾਂ ਦੇ ਹੋਣ ਭਰਾ।
ਫਿਰ ਕਿਉਂ ਨਾ ਏਸੇ ਧਰਤ ਤੇ,
ਅਸੀਂ ਲਈਏ ਸੁਰਗ ਵਸਾ।

(ਪਰ) ਇਸ ਵਰਤਮਾਨ ਦੇ ਯੁਗ ਦੀ,
ਥੋੜੀ ਜਿਹੀ ਹੋਰ ਸੁਣਾ।
ਇਸ ਬੱਚੇ ਦਾ ਕੀ ਬਣੇਗਾ,
ਜੋ ਵਿਚ ਉਜਾੜ ਪਿਆ।
ਜੋ ਓਸ ਕਮੀਨੀ ਮੇਨਕਾ,
ਮਾਰਿਆ ਹੈ ਪਰ੍ਹੇ ਵਗਾ।
ਜੋ ਨਾਲ ਹਨੇਰੀ ਜ਼ੁਲਮ ਦੀ,
ਵੇਲੋਂ ਚੂਆਂ ਟੁੱਟ ਗਿਆ।

## ਹੰਸ

ਇਸਦਾ ਵੀ ਹੈ ਦੋਸਤੋਂ,
ਓਹੋ ਹੀ ਇਕ ਖੁਦਾ।
ਇਹ ਬੱਚੀ ਡਾਢੇ ਦੇ ਦਰੋਂ,
ਆਈ ਮਾੜੇ ਲੇਖ ਲਿਖਾ।
ਤਾਂਹੀਉਂ ਹੀ ਤਾਂ ਹੀ ਜੰਮਦੀ,
ਨੂੰ ਐਡਾ ਵਖਤ ਪਿਆ।

ਡਰੀਏ ਉਸਦੀ ਕੁਦਰਤੋਂ,
ਜੋ ਪੁੱਠੀ ਵਗ ਜੇ ਵਾ।
'ਸੁਲਤਾਨਾ ਘਾਉ ਕਰਾਏਂਦਾ,
ਉਹ ਡਾਢਾ ਬੇਪ੍ਰਵਾਹ।
ਤਾਂ ਮਾਲਕ ਤਖਤੇ ਤਊਸ ਦੇ,
ਕੋਈ ਠੂਠੇ ਖੈਰ ਨਾ ਪਾ।
ਇਸ ਦੀ ਟੁੱਟੀ ਵੀ ਦੋਸਤੋ,
ਉਹ ਆਪੇ ਗੰਢੇਗਾ।

ਔਹ ਦੇਖੋ ਸੁੰਦਰ ਗੁੱਠ ਵਿਚ,
ਇਕ ਆਸ਼ਰਮ ਦਿੱਸ ਰਿਹਾ।
ਜਿਥੇ ਮੋਰ ਝੁਰਮਟਾਂ ਪਾ ਖੜੇ,
ਤੇ ਕੋਇਲਾਂ ਰਹੀਆਂ ਗਾ।
ਘੁੱਗੀਆਂ ਕੂੰਗੂਆਂ ਤੇ ਤਿਲੀਅਰਾਂ,
ਹੈ ਰੱਖੀ ਛਹਿਬਰ ਲਾ।
ਦੂਰੋਂ ਹੀ ਇਸਦੀ ਜਾਪਦੀ,
ਕਿਤਨੀ ਸੁੰਦਰ ਆਭਾ।
ਇਥੇ ਰੱਬ ਦਾ ਰੂਪ ਹੈ, ਇਕ ਕਣਵ ਰਿਖੀ ਵਸਦਾ।
ਜੋ ਦੇਵਨੇਤ ਨਾ ਚੱਲ ਕੇ,
ਏਧਰ ਆ ਜਾਵੇਗਾ।
ਕੁਦਰਤ ਦੀ ਸੋਹਣੀ ਖੇਡ ਨੂੰ,
ਉਹ ਚੁੱਕ ਲੈ ਜਾਵੇਗਾ।
ਹਾਲ ਦੀ ਸਾਲ ਤਾਂ ਏਸਨੂੰ,
ਉਹ ਕਣਵ ਹੀ ਪਾਲੇਗਾ।
ਤੇ ਅੱਗੇ ਨੂੰ ਉਹ ਆਪਣੀ,
ਆਪੇ ਹੀ ਜਾਣੇਗਾ।

(ਸਾਰੇ ਪੰਛੀ ਇਸ ਵਚਿੱਤਰ ਕਥਾ ਨੂੰ ਸੁਣ ਕੇ ਬੜੇ ਹੈਰਾਨ ਹੁੰਦੇ ਹਨ। ਉਹ ਹੰਸ ਦਾ ਧੰਨਵਾਦ ਕਰਦੇ ਹੋਏ ਆਪੋ ਆਪਣੇ ਘਰਾਂ ਨੂੰ ਪਰਤ ਜਾਂਦੇ ਹਨ।)

ਅੱਗੇ ਕਹਾਣੀ ਕਲਮ ਦੀ ਜ਼ਬਾਨੀਂ।

# 2. ਕਹਾਣੀ ਕਲਮ ਦੀ ਜ਼ੁਬਾਨੀ

## ਦੁਸ਼ਿਅੰਤ ਦਾ ਸ਼ਿਕਾਰ ਕਰਨ ਆਉਣਾ

ਮਨ ਮੋਹਣੇ ਇਸ ਵਣ ਦੇ ਵਿਚ,
ਇਕ ਨਦੀ ਮਾਲਿਨੀ ਵਗਦੀ ਸੀ।
ਜੋ ਏਸ ਸੁਹਾਣੇ ਉਪਵਾਨ ਨੂੰ,
ਸਰਸਬਜ਼ ਹਮੇਸ਼ਾ ਰੱਖਦੀ ਸੀ।
ਨਦੀ ਮਾਲਿਨੀ ਨਦੀ ਸੀ ਜਾਂ,
ਇਹ ਕੋਈ ਸਦੀਵੀਂ ਬ੍ਰਿਹਣ ਸੀ।
ਬਰਫ਼ਾਂ ਜਿਹਾ ਚਿੱਟਾ ਚਮਕੀਲਾ,
ਜਿਸਦਾ ਸੁੰਦਰ ਸੁੱਚਾ ਤਨ ਸੀ।
ਸਿੰਮਲ ਦੇ ਤੂੰਬਿਆਂ ਵਿਚ ਫਿਰਦੀ,
ਕੋਈ ਕੂੰਜ ਲਪੇਟੀ ਨਾਗਣਿ ਸੀ।
ਕਿਸੇ ਅਦਨ ਬਾਗ ਦੀ ਮਾਲਣਿ ਸੀ,
ਕੋਈ ਸ਼ਾਲ ਲਪੇਟੀ ਦੁਲਹਨ ਸੀ।
ਮੀਰਾ ਸੀ, ਕੋਈ ਰਾਧਿਕਾ ਸੀ,
ਜਾਂ ਸਬਰੀ ਕੋਈ ਆਹੀਰਣਿ ਸੀ।
ਅਪ੍ਹੁੰਚ ਜਿਹੀ ਕਿਸੇ ਮੰਜਿਲ ਦੀ,
ਰਾਹਗੀਰ ਇਹ ਕੋਈ ਭਟਕਣ ਸੀ।
ਇਸਦੀ ਰਵਾਨੀ 'ਚੋਂ ਸੁਣਦੀ,

---

1. ਸਬਰੀ–ਸ਼ਿਵਰੀ ਦਾ ਪੰਜਾਬੀ ਰੂਪ ਜਾਣੀ, ਭੀਲਣੀ।

ਕਿਸੇ ਪ੍ਰੇਮ ਕਹਾਣੀ ਦੀ ਧੁਨ ਸੀ।
ਜਾਂ ਇਸ਼ਕ ਦਾ ਰਾਗ ਅਲਾਪ ਰਹੀ,
ਇਹ ਕਿਸੇ ਝਨਾਂ ਦੀ ਸ਼ੌਂਕਣ ਸੀ।

ਇਸ ਕੰਢੇ ਸੁੰਦਰ ਉਪਵਨ ਵਿਚ,
ਹੀ ਕਣਵ ਰਿਸ਼ੀ ਦਾ ਆਸ਼ਰਮ ਸੀ।
ਵਲਕਲ ਦੇ ਰੁੱਖਾਂ ਨਾਲ ਭਰੀ,
ਇਹ ਵਾਦੀ ਸੀ ਕੋਈ ਹਰੀ-ਭਰੀ।
ਚੰਦਨ ਚੰਦ ਕੁਮਿਦਨੀ ਤੇ,
ਨਰਗਸ ਦੀਆਂ ਵੇਲਾਂ ਨਾਲ ਜੜੀ।
ਨਵ ਮਲਿਕਾ, ਸ਼ੱਮੀ, ਸ਼ਰਵ-ਵਧੂ,
ਅੰਬ ਨਾਲ ਮਾਧਵੀਂ ਖੜੀ ਵਰੀ।
ਤੁਲਸੀ ਕੁਰਬਕ ਦਿਆਂ ਪੱਤਿਆਂ ਤੇ,
ਸ਼ੈਵਾਲ ਵਿਛੀ ਜਿਉਂ ਜੜੀ ਵਰੀ।
ਸ਼ਾਂਤਮਈ ਪ੍ਰਕ੍ਰਿਤੀ ਸੀ,
ਜਿਉਂ ਤ੍ਰਬਕੀ ਹਿਰਨੀ ਖੜੀ ਡਰੀ।
ਮਾਨੋ ਸ਼ਾਂਤ ਰੂਪ ਹੋ ਨਿਰਾਕਾਰ,
ਇਸਦੇ ਵਿਚ ਆਪਣੀ ਜੋਤ ਧਰੀ।
ਇਸਦੇ ਨਾ ਤੁੱਲ ਸੁਰਗ ਵਿਚ ਵੀ,
ਕੋਈ ਇੰਦਰ-ਪੁਰੀ ਨਾ ਦੇਵ-ਪੁਰੀ।
ਮਾਨੋ ਕੋਈ ਦੰਡਕ ਵਣ ਦੇ ਵਿਚ,
ਖ਼ੁਦ ਰਾਮ ਨੇ ਸਿਰਜੀ ਪੰਚ-ਬਟੀ।

ਏਥੇ ਹੀ ਪਲਿਆ, ਤੇ,
ਜੋਬਨ ਤੇ ਆਇਆ।

---

1. ਮਾਧਵੀ ਨਾਮੀ ਵੇਲ ਦਾ ਅੰਬ ਨਾਲ ਵਿਆਹ ਕੀਤਾ ਜਾਂਦਾ ਹੈ।
2. ਸ਼ਕੁੰਤਲਾ ਸੰਸਕ੍ਰਿਤ ਅਨੁਸਾਰ ਸ਼ਕੁੰ ਅਤੇ ਤਲਾ ਦੇ ਮੇਲ ਤੋਂ ਬਣਿਆ ਸ਼ਬਦ ਜਿਸਦਾ ਅਰਥ ਅਕਾਸ਼ ਤੇ ਧਰਤੀ ਦਾ ਸਮੇਲ ਹੈ। ਸ਼ਕੁੰ-ਅਸਮਾਨ ਖਲਾ ਜਾਂ ਤਲਾ-ਧਰਤੀ।

'ਸੁਮੇਲ ਅਕਾਸ਼ ਪ੍ਰਿਥਵੀਂ ਦਾ',
ਗੀਤ ਕੋਈ ਕੁਦਰਤ ਰਾਣੀ ਦਾ,
ਸੰਗੀਤ ਸ਼ਾਰਦਾ ਦੇਵੀ ਦਾ।
ਜੋ ਰੂਪ ਸੀ ਕਿਸੇ ਅੱਪਸਰਾ ਦਾ,
ਪਰੀ ਪੂਰਨ ਹੁਸਨ ਦੀ ਮਲਿਕਾ ਦਾ।
ਜੋ ਪਿਆਰ ਸੀ ਕਿਸੇ ਤਪੱਸਵੀ ਦਾ,
ਆਕਾਰ ਕਿਸੇ ਤੇਜੱਸਵੀ ਦਾ।
ਦੁਨਿਆਵੀ ਪਿਆਰ ਬਹਾਨੇ ਤੂੰ,
ਜੱਗ ਪ੍ਰਗਟੀ ਪਿਆਰ ਦੀ ਚੰਡਿਕਾ।
ਕੁਦਰਤ ਰਾਣੀ ਦੀ ਕੁਖ ਵਿਚ,
ਤੂੰ ਵੇਲ ਵਾਂਗ ਫੁੱਟ ਨਿਕਲੀ ਸੀ।
ਤੇਰਾ ਨਾਮ 'ਸ਼ਕੁੰਤਲਾ'
ਹਰ ਯੁਗ ਵਿਚ ਜਾਣਿਆ ਜਾਵੇਗਾ।

[ਸ਼ਕੁੰਤਲਾ ਪ੍ਰਤੀ ਇਹ ਵਿਚਾਰ ਜਰਮਨ ਕਵੀ ਗੋਇਟੇ ਦੇ ਵਿਚਾਰ ਤੇ ਅਧਾਰਤ ਹਨ। ਇਸੇ ਲਈ ਸੈਲਾਨੀ ਛੰਦ ਵਰਤਿਆ ਹੈ।]

ਜਾਂ ਰੰਗ ਪਿਆਰ ਫਟਦਾ ਹੈ,
ਉਹ ਘਟ ਘਟ ਦੇ ਵਿਚ ਘਟ ਜਾਂਦਾ।
ਸਿਲ ਪੱਥਰ ਜੜ੍ਹ ਜੋਨੀ ਹੋਵੇ,
ਹਰ ਕਣ ਬ੍ਰਿਹੋ ਵਿਚ ਵਟ ਜਾਂਦਾ।
ਕੁਝ ਹੋਰ ਚੁਗਿਰਦਾ ਹੋ ਜਾਂਦਾ,
ਜਾਂ ਇਸ਼ਕ ਦਾ ਨਾਇਕ ਨਟ ਜਾਂਦਾ।
ਵਸਦੀ ਰਸਦੀ ਇਸ ਧਰਤੀ ਦਾ,
ਪਾਸਾ ਇਕ ਵਾਰ ਪਲਟ ਜਾਂਦਾ।
ਜਾਂ ਇਸ਼ਕ ਦੇ ਦਿਨ ਆ ਜਾਂਦੇ ਨੇ,
ਰੁਖ ਕਿਸਮਤ ਦਾ ਵੀ ਵਟ ਜਾਂਦਾ।
ਟੁੱਟ ਪੈਣ ਪਹਾੜ ਮੁਸੀਬਤ ਦੇ,
ਦੁੱਖਾਂ ਦਾ ਸੀਨਾ ਫੱਟ ਜਾਂਦਾ।
ਕੁਝ ਐਸੇ ਹੀ ਦਿਨ ਆ ਪੁੱਜੇ,

ਇਸ ਉਪਵਨ ਦੇ ਚੁਗਰਿਦੇ ਵਿਚ।
ਦੇਖੀਏ ਉਹ ਕਾਰਣ-ਕਰਨ ਕਿਵੇਂ,
ਇਹ ਦੁੱਖਾਂ ਦੇ ਦਿਨ ਕੱਟਦਾ ਹੈ।
ਇਥੇ ਲੀਲਾਧਾਰ ਦੀ ਲੀਲਾ ਦਾ,
ਦੇਖੀਏ ਜੋ ਨਾਇਕ ਨਟਦਾ ਹੈ।

(ਉਸ ਸਮੇਂ ਦਾ ਚੱਕਰਵਰਤੀ ਰਾਜਾ, ਦੁਸ਼ਿਅੰਤ, ਸਬੱਬ ਨਾਲ ਇਸ ਉਪਵਨ ਵਿਚ ਸ਼ਿਕਾਰ ਲਈ ਆਉਂਦਾ ਹੈ, ਕਣਵ ਦੇ ਆਸ਼ਰਮ ਦਾ ਇਕ ਮ੍ਰਿਗ ਦਾ ਬੱਚਾ ਜੋ ਬੇਖੌਫ ਵਣ ਵਿਚ ਫਿਰ ਰਿਹਾ ਹੈ, ਰਾਜੇ ਦੇ ਨਜ਼ਰੀ ਪੈਂਦਾ ਹੈ। ਉਹ ਮ੍ਰਿਗ ਦਾ ਬੱਚਾ ਇੰਨਾ ਨਿਧੜਕ ਸੀ ਕਿ ਰਾਜੇ ਦੇ ਰਥ ਦੇ ਪਹੀਆਂ ਦੇ ਸ਼ੋਰ ਅਤੇ ਘੋੜਿਆਂ ਦੇ ਪੌੜਾਂ ਦੇ ਖੜਕੇ ਆਦਿ ਦਾ ਉਸ ਉਪਰ ਮਾਨੋਂ ਕੋਈ ਅਸਰ ਹੀ ਨਹੀਂ ਸੀ। ਰਾਜਾ ਉਸਦੀ ਨਿਡੱਰਤਾ ਦੇਖ ਕੇ ਹੈਰਾਨ ਹੋ ਗਿਆ ਅਤੇ ਉਸਨੇ ਆਪਣੇ ਰੱਥਵਾਨ ਨੂੰ ਮ੍ਰਿਗ ਦਾ ਪਿੱਛਾ ਕਰਨ ਲਈ ਹੁਕਮ ਦਿੱਤਾ ਹੈ।)

## ਰਾਜਾ

ਰਥ ਮੋੜ ਸਾਰਥੀ ਏਧਰ ਨੂੰ,
ਤੱਕ ਮਨਮੋਹਣਾ ਉਹ ਮ੍ਰਿਗ ਬੜਾ।
ਕਿੰਨਾ ਨਿੱਧੜਕ, ਬੇਝੱਕ ਹੋ ਕੇ,
ਇਹ ਸਾਥੋਂ ਬੇਡਰ ਹੋ ਖੜਿਆ।
ਸੁੰਦਰ ਹੈ, ਪਰ ਗੁਸਤਾਖੀ ਲਈ,
ਮੈਨੂੰ ਇਸਤੇ ਗੁੱਸਾ ਚੜ੍ਹਿਆ।
ਇਸਨੇ ਮੇਰੇ ਬਾਹੂ-ਬਲ ਦਾ,
ਦਿੱਤਾ ਹੈ ਜਿਵੇਂ ਮਖੌਲ ਉੜਾ।

## ਰਥਵਾਨ

ਮਹਾਰਾਜ! ਮ੍ਰਿਗ ਇਹ ਆਸ਼ਰਮ ਦੇ,
ਤੌਹੀਨ ਤੁਹਾਡੀ ਕਰਦੇ ਨਹੀਂ।
ਕੋਈ ਇਧਰ ਸ਼ਿਕਾਰੀ ਨਹੀਂ ਆਉਂਦਾ,
ਇਸ ਲਈ ਇਹ ਸਾਥੋਂ ਡਰਦੇ ਨਹੀਂ।

## ਰਾਜਾ

ਫਿਰ ਵੀ ਤੂੰ ਮੈਨੂੰ ਦੇਖਣ ਦੇ,
ਇਹ ਕਿੰਨਾ ਚਿਰ ਨਾ ਡਰਦਾ ਹੈ।
ਜ਼ਰਾ ਹੋਰ ਅਗੇਰੇ ਲੈ ਚੱਲ ਤੂੰ,
ਦੇਖਾਂ ਭੱਜਦਾ ਕਿ ਖੜ੍ਹਦਾ ਹੈ।

(ਰਥਵਾਨ ਰਥ ਮੋੜਦਾ ਹੈ)

ਰੱਥ ਮੁੜਨਾ ਹੀ ਸੀ,
ਮੁੜ ਚੱਲਿਆ।
ਉਹ ਮਿਰਗ ਅਡੋਲ,
ਖੜਾ ਹੀ ਰਿਹਾ।
ਆਖਰ ਦੁਸ਼ਿਅੰਤ ਦੇ ਹੱਥ ਵਿਚੋਂ,
ਇਕ ਤੀਰ ਤੇਜ਼ ਜਿਹਾ।
ਨਿਕਲ ਗਿਆ।
ਕੁਦਰਤ ਮਾਲਕ ਦੀ,
ਐਪਰ ਉਹ,
ਨਾ ਮਿਰਗ ਨਿਸ਼ਾਨਾ ਬਣ ਸਕਿਆ।
ਤ੍ਰੱਬਕ ਕੇ ਤੀਰ ਦੇ ਫਣ ਤੋਂ ਉਹ,
ਝੱਟ ਆਸ਼ਰਮ ਦੇ ਵੱਲ ਨਸ ਚੱਲਿਆ।

ਦੁਸ਼ਿਅੰਤ ਦਾ ਖ਼ਾਲੀ ਤੀਰ ਗਿਆ?
ਹੈਂ! ਕੀ ਇਹ ਅੱਜ ਮੈਂ ਦੇਖ ਰਿਹਾ।
ਦੂੜਾ ਸਾਰਥੀ ਜਲਦੀ ਕਰ,
ਤੂੰ ਰਥ ਨੂੰ ਇਸਦੇ ਮਗਰ ਦੁੜਾ।
ਦੇਖਾਂ ਇਹ ਮੇਰੇ ਤੀਰਾਂ ਤੋਂ,
ਕਿਧਰ ਨੂੰ ਨੱਸ ਕੇ ਜਾਵੇਗਾ।
ਪਹਿਲਾਂ ਨੱਸ ਜਾਂਦਾ, ਬੱਚ ਜਾਂਦਾ,
ਪਰ ਹੁਣ ਜ਼ਰੂਰ ਮਰ ਜਾਵੇਗਾ।

(ਰੱਥ ਹਵਾ ਦੀ ਤੇਜ਼ੀ ਨਾਲ ਦੌੜਦਾ ਹੈ। ਮਿਰਗ ਵੀ ਡਰਦਾ ਮਾਰਿਆ ਆਪਣੀ ਪੂਰੀ

ਸ਼ਕਤੀ ਨਾਲ ਦੌੜਦਾ ਹੈ ਅਤੇ ਬਚਣ ਦੀ ਕੋਸ਼ਿਸ਼ ਕਰਦਾ ਹੈ।)

(ਦੁਸ਼ਿਅੰਤ ਉਸਨੂੰ ਸੇਧ ਵਿਚ ਕਰਕੇ ਨਿਸ਼ਾਨਾ ਬੰਨ੍ਹਦਾ ਹੈ।)

ਠੀਕ ਹੈ ਹੁਣ, ਬੱਸ ਠੀਕ ਹੀ ਹੈ,
ਹੁਣ ਠੀਕ ਉਹ ਮੇਰੇ ਦਾਅ ਵਿਚ ਹੈ।
ਚੱਲ ਤੀਰ ਕੰਬਖਤ ਦੇਖ ਉਸਨੂੰ,
ਉਹ ਕਿਸਦੀ ਸ਼ਰਨ ਗੁਫ਼ਾ ਵਿਚ ਹੈ।

(ਤੀਰ ਫਿਰ ਖਾਲੀ ਜਾਂਦਾ ਹੈ)

## ਦੁਸ਼ਿਅੰਤ

ਉਹ! ਉੱਕ ਗਿਆ!!
ਫਿਰ ਉੱਕ ਗਿਆ?
ਅੱਜ ਕੀ ਹੈ ਮੈਨੂੰ ਹੋ ਚਲਿਆ?
ਦੁੜਾ ਸਾਰਥੀ ਹੋਰ ਦੁੜਾ,
ਤੂੰ ਰਥ ਨੂੰ ਇਸਦੇ ਮਗਰ ਦੁੜਾ।
ਜ਼ਰਾ ਹੋਰ ਢਿੱਲੀਆਂ ਕਰ ਵਾਗਾਂ,
ਦੇਖਾਂ ਇਹ ਕਿਧਰ ਜਾਵੇਗਾ।
ਹੋਰ ਦੁੜਾ, ਹੋਰ ਤੇਜ਼ ਦੁੜਾ,
ਤੂੰ ਰਥ ਨੂੰ ਹਵਾ ਦੇ ਸੰਗ ਰਲਾ।

(ਰਥ ਹਵਾ ਦੀ ਤੇਜ਼ੀ ਨਾਲ ਦੌੜਨ ਲੱਗਦਾ ਹੈ, ਮਿਰਗ ਤੀਰ ਦੀ ਮਾਰ ਤੋਂ ਬਚਦਾ, ਅੱਗੇ-ਅੱਗੇ ਨੱਸਿਆ ਜਾਂਦਾ ਹੈ, ਦੁਸ਼ਿਅੰਤ ਫਿਰ ਨਿਸ਼ਾਨਾ ਬੰਨ੍ਹਦਾ ਹੈ। ਪਰੰਤੂ ਮਿਰਗ ਰੱਥ ਤੋਂ ਕਾਫ਼ੀ ਵਿੱਥ ਪਾ ਗਿਆ ਜਾਪਦਾ ਹੈ।

## ਦੁਸ਼ਿਅੰਤ

(ਘਬਰਾ ਕੇ)

ਉਹ ਚਲਾ ਗਿਆ, ਉਹ ਚਲਾ ਗਿਆ,

---

1. ਮਾਧਵ : ਦੁਸ਼ਿਅੰਤ ਦੇ ਰਥਵਾਨ ਦਾ ਨਾਮ।

ਉਹ ਦੇਖ ਚੰਗੀਆਂ ਮਾਰ ਰਿਹਾ।
ਮਾਧਵ[1] ਕੰਬਖਤ ਕੀ ਦੇਖ ਰਿਹੈ,
ਤੂੰ ਫਿਰ ਵਾਗਾਂ ਕਿਉਂ ਕਸ ਲਈਆਂ।

## ਰਥਵਾਨ

ਮਹਾਰਾਜ, ਬਰੇਤੀ ਆ ਗਈ ਏ,
ਰਥ ਦੇ ਪਹੀਏ ਹੁਣ ਤੁਰਦੇ ਨਹੀਂ।
ਘੋੜਿਆਂ ਦਾ ਚੂਰਾ ਹੋ ਗਿਆ ਏ,
ਇਹ ਵੀ ਹੁਣ ਪੈਰ ਤੇ ਮੁੜਦੇ ਨਹੀਂ।
ਮਹਾਰਾਜ ਮੋੜੀਏ ਰੱਥ ਏਥੋਂ,
ਮੇਰੀ ਤਾਂ ਇਹੀ ਜਾਚਨਾ ਹੈ।
ਮੈਂ ਸੋਚਦਾ ਹਾਂ ਕੋਈ ਕੌਤਕ ਹੈ,
ਇਹ ਮ੍ਰਿਗ ਨਹੀਂ, ਮ੍ਰਿਗ-ਤ੍ਰਿਸ਼ਨਾ ਹੈ।

## ਦੁਸ਼ਿਅੰਤ

ਮੈਂ ਦੇਖਾਂਗਾ, ਮ੍ਰਿਗ ਤ੍ਰਿਸ਼ਨਾ ਹੈ,
ਕਿ ਤੇਰੀ ਕੁਟਿਲ ਭਾਵਨਾ ਹੈ।
ਲੈ ਆਓ ਮੇਰਾ ਅਰੁਣ ਵੀਰ,
ਮੇਰੀ ਵੀ ਹਠੀ ਕਾਮਨਾ ਹੈ।

(ਪਿੱਛੇ ਆ ਰਹੇ ਲਾਮ-ਲਸ਼ਕਰ ਵਿਚੋਂ ਇੱਕ ਨਫਰ ਰਾਜੇ ਨੂੰ ਅਰੁਣ ਨਾਮੀ ਘੋੜਾ ਤਿਆਰ ਕਰਕੇ ਦਿੰਦਾ ਹੈ। ਅਗਲੇ ਹੀ ਪਲ ਘੋੜਾ ਹਵਾ ਦੀ ਤੇਜ਼ੀ ਨਾਲ ਮਿਰਗ ਪਿਛੇ ਦੌੜਦਾ ਹੈ।

(ਘੋੜੇ ਨੂੰ ਸੰਬੋਧਨ ਕਰਕੇ)

---

1. ਅਰੁਣ - ਦੁਸ਼ਿਅੰਤ ਦੇ ਖਾਸ ਘੋੜੇ ਦਾ ਨਾਮ ਹੈ।
2. ਮਰੀਚ ਜਾਂ ਮਾਰੀਚ- ਉਸ ਦੇਹ-ਪਲਟ ਰਿਖੀ ਦਾ ਨਾਮ ਸੀ ਜੋ ਸੋਨੇ ਦਾ ਮਿਰਗ ਬਣ ਕੇ ਸੀਤਾ ਮਾਤਾ ਦੇ ਅੱਗੇ ਦੀ ਲੰਘਿਆ ਸੀ ਅਤੇ ਜਿਸਦਾ ਸ਼ਿਕਾਰ ਕਰਨ ਲਈ ਸੀਤਾ ਨੇ ਰਾਮ ਚੰਦਰ ਅੱਗੇ ਜ਼ਿੱਦ ਕੀਤੀ।

## ਦੁਸ਼ਿਅੰਤ

ਚੱਲ ਅਰੁਣ ਵੀਰ, ਇਸ ਪਰਖ ਘੜੀ,
ਇਸ ਦੀ ਵੀ ਸ਼ੱਕ ਮਿਟਾ ਦੇਈਏ।
ਇਸ ਨਵੇਂ ਮਰੀਚ ਦੇ ਬੱਚੇ ਨੂੰ,
ਅੱਜ ਨਵਾਂ ਹੀ ਸਬਕ ਸਿਕਾ ਦੇਈਏ।

(ਦੇਰ ਤੱਕ ਮਿਰਗ ਦਾ ਪਿੱਛਾ ਕਰਕੇ ਰਾਜਾ ਅਤੇ ਉਸਦਾ ਘੋੜਾ ਦੋਵੇਂ ਵਿਆਕੁਲ ਹੋ ਜਾਂਦੇ ਹਨ।)

## ਦੁਸ਼ਿਅੰਤ

ਮੈਂ ਹੰਬ ਗਿਆ,
ਮੈਂ ਥੱਕ ਗਿਆ।
ਮੈਂ ਹਫ਼ ਗਿਆ,
ਮੈਂ ਅੱਕ ਗਿਆ।
ਚੂਰਾ ਹੋ ਗਈ ਏ ਦੇਹ ਮੇਰੀ,
ਓ ਅਰੁਣ,
ਕਿਉਂ ਤੂੰ ਵੀ ਤ੍ਰੱਬਕ ਗਿਆ।
ਉਹ ਚਲਾ ਗਿਆ!
ਉਹ ਚਲਾ ਗਿਆ!!
ਉਹ ਸੰਘਣੇ ਝੁੰਡ ਵਿਚ ਵੜ ਚੱਲਿਆ।

(ਦੁਸ਼ਿਅੰਤ ਮਨ ਹੀ ਮਨ ਵਿਚ)

ਇਸ ਕਮਾਣ, ਇਨ੍ਹਾਂ ਤੀਰਾਂ ਤੋਂ,
ਕੰਬ ਗਏ ਭਿਆਨਕ ਨਿਸਚਰ ਵੀ:
ਇਸ ਕਮਾਣ ਤੇ ਮਾਣ ਕਰੇ,
ਸੁਰਗਾਂ ਦਾ ਰਾਜਾ ਇੰਦਰ ਵੀ।
ਅੱਜ ਕੀ ਕਾਰਣ? ਨਾ ਮਾਰ ਸਕੀ,
ਇਹ ਇਕ ਮਮੂਲੀ ਬਨਚਰ ਵੀ।

(ਫਿਰ ਹਠ ਕਰਕੇ ਘੋੜੇ ਨੂੰ ਸੰਬੋਧਨ ਕਰਦਾ ਹੋਇਆ)

---

1. ਨਿਸਚਰ - ਰਾਤ ਨੂੰ ਚੱਲਣ ਵਲਾਲੇ ਭੂਤ-ਪ੍ਰੇਤ ਆਦਿ।
2. ਰਾਜਾ ਇੰਦਰ ਦੁਸ਼ਿਅੰਤ ਦਾ ਦੋਸਤ ਸੀ ਅਤੇ ਔਖੇ ਸਮੇਂ ਇੰਦਰ ਵੀ ਦੁਸ਼ਿਅੰਤ ਤੋਂ ਸਹਾਇਤਾ ਲੈਂਦਾ ਸੀ।
3. ਬਨਚਰ - ਵਣਾਂ ਵਿਚ ਵਿਚਰਣ ਵਾਲੇ ਜੰਗਲੀ ਜਾਨਵਰ।

ਹੇ ਅਰੁਣ, ਹੈ ਤੂੰ ਵੀ ਤੇਜਸਵੀ,
ਤੇ ਮੇਰਾ ਵੀ ਦੁਸ਼ਿਅੰਤ ਹੈ ਨਾਂ।
ਤੂੰ ਵੀ ਨਾਂ ਰਹੇਂ, ਮੈਂ ਵੀ ਨਾ ਰਹਾਂ,
ਪਰ ਰਹਿ ਨਾ ਸਕੇ ਇਹ ਮ੍ਰਿਗ-ਤ੍ਰਿਸ਼ਨਾ।

ਰਾਜੇ ਨੇ ਚਿੱਲਾ ਚੜਾ ਦਿੱਤਾ,
ਮ੍ਰਿਗ ਵੀ ਆਸ਼ਰਮ ਵਿਚ ਜਾ ਪੁੱਜਾ।
ਬੇਸ਼ੱਕ ਜੇ ਤੀਰ ਇਹ ਛੁੱਟ ਜਾਂਦਾ,
ਤਾਂ ਮਿਰਗ ਦੀ ਅਲਖ ਮੁਕਾ ਦਿੰਦਾ।
"ਨਾ ਮਾਰੋ" ਦੀ ਮਿੱਠੀ ਸੁਰ ਨੇ,
ਰਾਜੇ ਨੂੰ ਸੰਨ੍ਹ 'ਚੋਂ ਰੋਕ ਲਿਆ।
ਇਹ ਕਹਿ, ਸਰੀਰ ਇਕ ਵੇਲ ਜਿਹਾ,
ਉਸ ਮਿਰਗ ਉਦਾਲੇ ਲਿਪਟ ਗਿਆ।

ਰਾਜਾ ਵਿਚੇ ਵਿੱਚ ਉਲਝ ਗਿਆ,
ਹੈਂ! ਕਿਸ ਨੇ ਉਸਨੂੰ ਰੋਕ ਲਿਆ?
ਉਸਨੇ ਜ਼ਰੂਰ ਕੁਝ ਦੇਖਿਆ ਸੀ,
ਜੋ ਮਿਰਗ ਨਾਲ ਹੀ ਘੁਲ ਮਿਲ ਗਿਆ।
ਉਸਦਾ ਚਿੱਲਾ ਚੜ੍ਹਿਆ ਹੀ ਰਿਹਾ,
ਉਹ ਪੱਥਰ ਬਣ, ਤੱਕਦਾ ਹੀ ਰਿਹਾ।
ਆਖਰ ਕਮਾਣ ਢਿੱਲੀ ਪੈ ਗਈ,
ਤੇ ਤੀਰ ਉਹਦੇ ਚੋਂ ਡਿੱਗ ਪਿਆ।
ਉਸ ਮਿਰਗ ਅਤੇ ਮ੍ਰਿਗ-ਨੈਣੀ ਨੂੰ,
ਉਹ ਇੱਕ ਟੱਕ ਲਾ ਵੇਂਹਦਾ ਹੀ ਰਿਹਾ।

(ਰਾਜਾ ਮਨ ਹੀ ਮਨ ਵਿਚ)

ਮੈ ਕਿਉਂ ਵਿਚੋਂ ਉਲਝ ਗਿਆ,
ਹੈ! ਕਿਸ ਨੇ ਮੈਨੂੰ ਰੋਕ ਲਿਆ?
ਕਿਉਂ ਕਮਾਣ ਢਿੱਲੀ ਪੈ ਗਈ,
ਕਿਉਂ ਤੀਰ ਇਹਦੇ 'ਚੋਂ ਡਿੱਗ ਪਿਆ,
ਹੈ ਸ਼ਿਕਾਰ ਸਾਹਮਣੇ ਖੜਾ ਮਿਰਾ,

ਮੈਂ ਕਿਉਂ ਨਹੀਂ ਕਰਦਾ ਵਾਰ ਪਿਆ?
ਮੈਂ ਆਇਆ ਚੱਲ ਸ਼ਿਕਾਰ ਤੇ ਸਾਂ,
ਲੱਗਦੈ, ਸ਼ਿਕਾਰ ਖ਼ੁੱਦ ਹੋ ਚਲਿਆ।
ਹਾ-ਗੁੱਸਾ ਮੇਰਾ ਕਿਧਰ ਗਿਆ,
ਕਿਉਂ ਪਿੰਡਾ ਠੰਢਾ ਹੋ ਚੱਲਿਆ।
ਹੇ ਅਰੁਣ, ਇਹ ਕੌਣ ਮ੍ਰਿਗ-ਨੈਣੀ,
ਮੇਰੇ ਵੱਲ ਨਜ਼ਰਾਂ ਖੜੀ ਟਿਕਾ?

ਉਲਟੀ ਇਹ ਕਿਉਂ ਸਾਡੇ ਤੇ,
ਨੈਣਾਂ ਦੇ ਤੀਰ ਰਹੀ ਬਰਸਾ।
ਗੱਲ ਮਾਧਵ ਦੀ ਚੇਤੇ ਆਉਂਦੀ,
ਇਹ ਮਿਰਗ ਨਹੀਂ, ਹੈ ਮ੍ਰਿਗ-ਤ੍ਰਿਸ਼ਨਾ।

# 3. ਆਸ਼ਰਮ ਪ੍ਰਵੇਸ

ਏਨੇ ਨੂੰ ਉਹ ਮਿਰਗ ਦਾ ਬੱਚਾ।
ਅੰਦਰ ਆਸ਼ਰਮ ਦੇ ਵੱਲ ਨੱਸਾ।
ਰਾਜੇ ਵਲੋਂ ਬੇ-ਧਿਆਨੀ।
ਮਗਰੋਂ ਤੁਰੀ ਸ਼ਕੁੰਤਲਾ ਰਾਣੀ।
ਉਸਦੀ ਸੁੰਦਰ ਤੱਕ ਨੁਹਾਰ।
ਮੁਗਧ ਹੋ ਗਿਆ ਰਾਜ ਕੁਮਾਰ।
ਓਸ ਦੀਆਂ ਤੱਕ ਮਸਤ ਅਦਾਵਾਂ।
ਰੁਲ ਗਿਆ ਰਾਜਾ ਵਿਚ ਹਵਾਵਾਂ।
ਤੱਕ ਤੱਕ ਮਸਤ ਓਸਦੀ ਚਾਲ।
ਰਾਜਾ ਹੁੰਦਾ ਜਾਏ ਨਿਹਾਲ।
ਡੁੱਬਿਆ ਸੋਚਾਂ ਦੇ ਵਿਚਕਾਰ।
ਕਿਵੇਂ ਦੁਬਾਰਾ ਹੋਏ ਦੀਦਾਰ।
ਉਥੇ ਦਾ ਉਹ ਰਹਿ ਗਿਆ ਉਥੇ।
ਬੋਲਿਆ, ਹੁਣ ਜਾਣਾ ਹੈ ਕਿੱਥੇ।
ਦੋਚਿੱਤਾ ਜਿਹਾ ਮਨ ਇਉਂ ਬੋਲੇ।
ਬਹਿ ਜਾ ਰਾਜਨ ਰੁੱਖਾਂ ਓਹਲੇ।
ਸ਼ਾਇਦ ਕਿਸੇ ਕੰਮ ਲਈ ਚੱਲ।
ਆ ਜਾਏ ਉਹ ਏਧਰ ਵੱਲ,
ਸ਼ਾਇਦ ਵੇਲ਼ਾ ਕੋਈ ਲੱਗੇ ਢੋਅ।
ਜਾਏ ਦੁਬਾਰਾ ਦਰਸ਼ਨ ਹੋ।
ਰੁੱਖਾਂ ਓਹਲੇ ਵਿੱਥਾਂ ਥਾਣੀਂ।
ਦੇਖਾਂ ਰੱਜ ਹੁਸਨਾਂ ਦੀ ਰਾਣੀ।

ਇਉਂ ਘੋੜਾ ਕਰਕੇ ਇਕ ਪਾਰ।
ਬੈਠ ਗਿਆ ਰੁੱਖਾਂ ਵਿਚਕਾਰ।

ਏਨੇ ਨੂੰ ਰੁੱਖਾਂ ਦੇ ਵਿਚਦੀ।
ਆਉਂਦੀ ਬਿਜਲੀ ਦਿੱਸੀ ਲਿਸ਼ਕਦੀ।
ਤਿੰਨ ਸਖੀਆਂ ਰੁੱਖਾਂ ਨੂੰ ਚੀਰ।
ਮਿਆਨੋਂ ਜਿਉਂ ਨਿਕਲੇ ਸ਼ਮਸ਼ੀਰ।
ਬਗਲਾਂ ਵਿਚ ਗਾਗਰਾਂ ਚਾਈ।
ਆਵੇ ਦਿੰਦਾ ਹੁਸਨ ਦੁਹਾਈ।
ਪ੍ਰੇਮਵਿਦਾ[1] ਦੂਜੀ ਅਨਸੂਆ[2]।
ਤੀਜੀ ਨਾਲ ਹੁਸਨ ਦੀ ਮਲਕਾ।
ਗੈਬੀ ਰੂਪ ਓਸਦਾ ਅਰਸ਼ੀ।
ਕੁਦਰਤ ਨੇ ਕੋਈ ਕੂਹਲ ਤਰਾਸ਼ੀ।
ਉਸਦਾ ਰੂਪ ਨਾ ਜਾਏ ਵਰਨਿਆ।
ਜਾਈ ਮੇਨਿਕਾ, ਉਹ ਸ਼ਕੁੰਤਲਾ।
ਤਿੰਨਾਂ ਸਖੀਆਂ ਦੀ ਉਹ ਢਾਣੀ।
ਸੀ ਵੇਲਾਂ ਨੂੰ ਪਾਉਂਦੀ ਪਾਣੀ।
ਚੰਚਲ ਜੋਬਨ ਮੁਗਧ ਹਿਰਨੀਆਂ।
ਕਾਮ ਰੂਪ ਦੀਆਂ ਜਾਦੂਗਰਨੀਆਂ।
ਨਿਰਛਲ ਹਾਸੇ ਅਛੋਹ ਮੁਸਕਾਣ।
ਕਪਟ ਤੇ ਧੋਖੇ ਤੇ ਅਣਜਾਣ।
ਨਿਰਮਲ ਹਿਰਦੇ ਜੀਕਣ ਪੌਣ।
ਬਰਫ ਚੋਟੀਆਂ ਜੀਕਣ ਹੋਣ।
ਹਿੱਕੜੀ ਵਿਚ ਅਛੋਹ ਅਰਮਾਨ।
ਸਾਰ ਇਸ਼ਕ ਦੀ ਤੋਂ ਅਣਜਾਣ।
ਬੇ-ਪ੍ਰਵਾਹ ਮਿੱਠੇ ਜਿਹੇ ਹਾਸੇ।
ਬੁੱਲੀਆਂ ਉਤੋਂ ਹੋਣ ਨਾ ਪਾਸੇ।
ਆਪਣੀਆਂ ਹਿੱਕੜੀਆਂ ਤਾਣੀ।
ਉਹ ਵੇਲਾਂ ਨੂੰ ਪਾਵਣ ਪਾਣੀ।
ਛੇੜ ਛਾੜ ਇਕ ਦੂਜੀ ਤਾਈ।
ਕਰ ਵੀ ਜਾਵਣ ਕਦੀ ਕਦਾਈ।

1. ਪ੍ਰੇਮਵਿਦਾ- ਸ਼ਕੁੰਤਲਾ ਦੀ ਸਖੀ ਪ੍ਰਿੰਯਵਦਾ ਦੇ ਨਾਮ ਦਾ ਪੰਜਾਬੀ ਰੂਪ।
2. ਅਨਸੂਆਂ ਜਾਂ ਅਨਸੂਯਾ ਸ਼ਕੁੰਤਲਾ ਦੀ ਇਕ ਹੋਰ ਖਾਸ ਸਹੇਲੀ।

ਮਸਤ ਜਵਾਨੀ ਚੜ੍ਹਦਾ ਜੋਬਨ।
ਬਿਨਾਂ ਸ਼ਰਾਰਤ ਵੀ ਨਾ ਸੌਵਨ।
ਸ਼ਰਮ ਸ਼ਰਾਰਤ ਦਾ ਇਹ ਮੇਲ।
ਬੇਪ੍ਰਵਾਹੀਆਂ ਦਾ ਕੋਈ ਖੇਲ੍ਹ।
ਜਿਵੇਂ ਸੱਪ ਮਣੀਆਂ ਸੰਗ ਖੇਲਣ।
ਨਾਰਾਂ ਲਾਟਾਂ ਵਾਂਗਰ ਮੇਲ੍ਹਣ।

ਉਨ੍ਹਾਂ ਵਿਚ ਸ਼ਕੁੰਤਲਾ ਨਾਰ।
ਵੱਖਰੀ ਜਿਸਦੀ ਦਿਸੇ ਨੁਹਾਰ।
ਓਸਦੀਆਂ ਕੁਝ ਅਦਬ ਅਦਾਵਾਂ।
ਕਿਵੇਂ ਕਲਮ ਵਿਚ ਬੰਨ੍ਹ ਦਿਖਾਵਾਂ।
ਰੱਬੋਂ ਮਿਲਿਆ ਰੂਪ ਰੱਜਵਾਂ।
ਜੋਬਨ ਚੜ੍ਹਿਆ ਕਹਿਰ ਗਜਬ ਦਾ।
ਸਾਦੀ ਵੇਸ਼ ਭੂਸ਼ਾ ਦੇ ਸੰਗ।
ਅਰਧ ਨਗਨ ਕੁਝ ਦਿੱਸਦੇ ਅੰਗ।
ਜਿਵੇਂ ਕੋਮਲਾਂ ਫੁੱਟੀਆਂ ਡਾਲ।
ਬੁੱਲ੍ਹ ਗੁਲਾਬੀ ਉਸਦੇ ਲਾਲ।
ਗਜ਼-ਗਜ਼ ਲੰਬੇ ਰੇਸ਼ਮ ਵਾਲ।
ਖੜੀ ਸੰਵਾਰੇ ਉਂਗਲਾਂ ਨਾਲ।
ਪਿੰਡਾਂ ਮਹਿਕਾਂ ਰਿਹਾ ਖਲੇਰ।
ਜਿਵੇਂ ਸੁੰਗਧੀਆਂ ਦਾ ਕੋਈ ਢੇਰ।

ਪਉਂਦੀ-ਪਉਂਦੀ ਥੱਕ ਗਈ ਪਾਣੀ।
ਖਾਬ ਜਿਹੀ ਕੋਮਲ ਉਹ ਰਾਣੀ।
ਲੱਗ ਕਚਨਾਰ ਦੇ ਬੂਟੇ ਨਾਲ।
ਖੜ੍ਹਗੀ ਹੋ ਕੇ ਉਹ ਨਿਢਾਲ।
ਮੱਥੇ ਉੱਤੋਂ ਮੁੜ੍ਹਕਾ ਪੂੰਝੇ।
ਖੜਗੀ ਥੱਕ ਲੱਗ ਕੇ ਖੂੰਜੇ।
ਚੜ੍ਹਿਆ ਸਾਹ ਟੁੱਟੇ ਵਿਚਕਾਰ।
ਹੇਠਾਂ ਉੱਪਰ ਹੋਣ ਉਭਾਰ।
ਤੱਕ ਗੈਬੀ ਉਸਦੀਆਂ ਅਦਾਵਾਂ।
ਲੁਟਿਆ ਗਿਆ ਸਾਂਵੇ ਦਾ ਸਾਂਵਾ।
ਰੁੱਗ ਭਰ ਕੱਢ ਕਾਲਜਾ ਲੈਗੀ।
ਮਾਨੋ ਬੁੱਤ 'ਚੋਂ ਰੂਹ ਨਿਕਲਗੀ।

ਰੁੱਖਾਂ ਓਹਲੇ ਪੱਬਾਂ ਭਾਰ।
ਲੁਕ-ਲੁਕ ਰਾਜਾ ਕਰੇ ਦੀਦਾਰ।

ਭੌਰਾ ਇਕ ਆਇਆ ਗੁਸਤਾਖ।
ਰਾਣੀ ਦੁਆਲੇ ਹੋਇਆ ਖ਼ਾਸ।
ਮੁੜ-ਮੁੜ ਆਵੇ ਮੂੰਹ ਦੇ ਵੱਲੀ।
ਕੀਤੀ ਉਸ ਸ਼ਕੁੰਤਲਾ ਝੱਲੀ।
ਉਹ ਉਡਾਵੇ, ਉਹ ਮੁੜ ਆਵੇ।
ਉਹ ਨਾ ਛੱਡੇ ਉਹ ਛੁਡਾਵੇ।
ਡੇਢ ਘੜੀ ਇਹ ਹੋਇਆ ਜੰਗ।
ਕਰਲੀ ਰਾਣੀ ਭੌਰੇ ਤੰਗ।
ਹੋਈ ਸ਼ਕੁੰਤਲਾ ਸਾਹੋ-ਸ਼ਾਹ।
ਚੱਲਦੀ ਦਿੱਸੇ ਨਾ ਕੋਈ ਵਾਹ।
ਬੋਲ ਉੱਠੀ ਰਾਣੀ ਚਿੱਲ੍ਹਾ ਕੇ।
'ਕੋਈ ਛੁਡਾਵੇ ਇਸ ਤੋਂ ਆ ਕੇ'।

ਝਾੜ ਓਹਲਿਉਂ ਝੱਟ ਦੁਸ਼ਿਅੰਤ।
ਆਣ-ਸਾਹਮਣੇ ਹੋਇਆ ਅੰਤ।
ਡਾਢੀ ਡਾਢੇ ਬਣਤ ਬਣਾਈ।
ਪਿਆਸੇ ਕੋਲ ਨਦੀ ਚੱਲ ਆਈ।
ਸਾਡੇ ਏਥੇ ਹੁੰਦਿਆਂ ਜਾਣੀ।
ਕੌਣ ਕਰੇ ਤੈਨੂੰ ਤੰਗ ਰਾਣੀ।
ਰਾਜ ਵਿਚ ਦੁਸ਼ਿਅੰਤ ਦੇ ਕਿਹੜਾ।
ਮੁਨਿ-ਕੰਨਿਆਂ ਤੰਗ ਕਰਦਾ ਜਿਹੜਾ।
ਉਸਦੀ ਦੇਈਏ ਅਲਖ ਮੁਕਾ।
ਖੁਰਾ-ਖੋਜ ਦੇਈਏ ਮਿਟਾ।

ਹੋਈ ਸ਼ਕੁੰਤਲਾ ਖੜੀ ਹੈਰਾਨ।
ਕੌਣ ਅਜਨਬੀ ਇਹ ਮਹਿਮਾਨ।
ਇਸ ਦੀ ਸੁੰਦਰ ਅਜਬ ਨੁਹਾਰ।
ਜਾਪੇ ਇਹ ਕੋਈ ਰਾਜਕੁਮਾਰ।
ਪੁਰਵੰਸ਼ੀ ਰਾਜਾ ਕੁਲਵੰਤ
ਹੋਵੇ ਨਾ ਇਹ ਖ਼ੁਦ ਦੁਸ਼ਿਅੰਤ।
ਭੌਰਾ ਉੱਡ ਗਿਆ ਇਕ ਪਾਸੇ।

ਬੁੱਲ੍ਹਾ ਵਿਚ ਸਿਮਟ ਗਈ ਹਾਸੇ।
ਖ਼ਤਮ ਹੋ ਗਿਆ ਅਜਬ ਤਮਾਸ਼ਾ।
ਖੜ੍ਹਗੀ ਹੀਰ ਵੱਟ ਕੇ ਪਾਸਾ।

ਭੌਰੇ ਤੋਂ ਤਾਂ ਛੁੱਟਿਆ ਖਹਿੜਾ।
ਪਰ ਨੈਣਾਂ ਦਾ ਪੈ ਗਿਆ ਪੈੜਾ।
ਕਿਵੇਂ ਕਰਾਂ ਇਸ ਦਾ ਸ਼ੁਕਰਾਨਾ।
ਲੱਗੀ ਢੂੰਡਣ ਕੋਈ ਬਹਾਨਾ।
ਕੀ ਕਹਿ ਇਸ ਨੂੰ ਆਖ ਬੁਲਾਵਾਂ।
ਦਿਲ ਦੀ ਗੱਲ ਕਿਵੇਂ ਸਮਝਾਵਾਂ।
ਉਲਝ ਗਈ ਗੱਲ ਮੂੰਹ ਵਿਚ ਆਈ।
ਉਹ ਪਈ ਝਾਕੇ ਵਾਂਗ ਸ਼ੁਦਾਈ।
ਦੇਖ ਸ਼ਕੁੰਤਲਾ ਹੋਈ ਜਿੱਚ।
ਅਨਸੂਆਂ ਚੱਲ ਆਈ ਵਿਚ।

## ਅਨਸੂਆ

ਇਸ ਭੌਰੇ ਨੇ ਕੀ ਅੱਤ ਚਾਈ।
ਸਾਡੀ ਰਾਣੀ ਖ਼ੂਬ ਸਤਾਈ।
ਨਾਜ਼ਕ ਅੱਲ੍ਹੜ ਨਰਮ-ਜਵਾਨੀ।
ਦੇਖੋ ਹੋ ਗਈ ਪਾਣੀ-ਪਾਣੀ।
ਏਹ ਤਾਂ ਦੇਵਨੇਤ ਦੇ ਨਾਲ।
ਲਿਆ ਹੈ ਮੌਕਾ ਤੁਸੀਂ ਸੰਭਾਲ।
ਕਿੱਦਾਂ ਥੋੜਾ ਕਰਜ਼ ਚੁਕਾਈਏ।
ਦੱਸੋ ਕੀ ਸੇਵਾ ਕਰ ਪਾਈਏ?

## ਦੁਸਿਅੰਤ

ਅਸਾਂ ਨਾ ਕੋਈ ਕਰਜ਼ ਚੜ੍ਹਾਇਆ।
ਸਿਰਫ਼ ਆਪਣਾ ਫ਼ਰਜ਼ ਨਿਭਾਇਆ।
ਐਵੇਂ ਨਾ ਸਿਰ ਚਾੜ੍ਹੋਂ ਭਾਰ।
ਬੱਸ ਤੁਹਾਡਾ ਹੋਇਆ ਦੀਦਾਰ।
ਬੱਸ ਏਹੋ ਸੇਵਾ ਅਨਮੋਲ।
ਜੇ ਰਾਣੀ ਕੁੱਝ ਦੱਸੇ ਬੋਲ।

## ਅਨਸੂਆ

ਬੋਲ ਸਖ਼ੀ ਮਹਿਮਾਨ ਬੁਲਾਵੇ।
ਬੋਲ ਤੁਹਾਡੇ ਸੁਣਨਾ ਚਾਹਵੇ।
ਲੱਗਦੇ ਹੱਥੀਂ ਕਰਜ਼ ਚੁਕਾਦੇ।
ਨੀ ਕੋਇਲੇ, ਕੋਈ ਗੀਤ ਸੁਣਾ ਦੇ।

## ਸ਼ਕੁੰਤਲਾ

ਖਿੱਝ ਰਾਣੀ ਬੋਲੇ ਇਹ ਬੋਲ।
"ਨਾਲ ਅਜਨਬੀ ਕਰੇਂ ਮਖੌਲ,
ਸ਼ਿਸਟਾਚਾਰ ਟੰਗਿਆ ਛਿੱਕੇ,
ਬੇਢੰਗੇ ਢੰਗ ਕਿੱਥੋਂ ਸਿੱਖੇ ?"

"ਵਾਹ! ਕਹਿ ਰਾਜਾ ਹੋਇਆ ਨਿਹਾਲ।
ਖ਼ਤਮ ਹੋ ਗਿਆ, ਵਾਹ! ਕਮਾਲ"!!

ਸੁਣ ਰਾਜੇ ਦੇ ਬੋਲ ਤਰਾਸ਼ੇ।
ਦਿਲ ਵਿਚ ਉੱਠੇ ਚਾ ਹੁਲਾਸੇ।
ਬੁੱਲ੍ਹਾਂ ਵਿਚ ਸਿਮਟ ਗਈ ਹਾਸੇ।
ਪੱਲੂ ਸਾਂਭ ਖੜੋ ਗਈ ਪਾਸੇ।
ਖੜੀ ਰਹੀ ਹੋ ਇੱਕਲ ਵਾਂਝੇ।
ਬੋਲ ਨੈਣਾਂ ਦੇ ਹੋ ਗਏ ਸਾਂਝੇ।
ਮਨ ਹੀ ਮਨ ਹੋਈ ਹੈਰਾਨ।
ਕੌਣ ਅਜਨਬੀ ਇਹ ਜਵਾਨ।
ਉੱਪਰੋਂ ਉੱਪਰਲੀਆਂ ਕੁਝ ਗੱਲਾਂ
ਦਿਲ ਵਿਚ ਪ੍ਰੇਮ ਮਾਰਦਾ ਛੱਲਾਂ।
ਨੈਣ ਦੋਹਾਂ ਦੇ ਹੋ ਗਏ ਚਾਰ।
ਪਹਿਲੀ ਤੱਕਣੀ ਹੋ ਗਿਆ ਪਿਆਰ।
ਇਕ ਦੂਜੇ ਦੇ ਹੋ ਗਏ ਦੋਵੇਂ।
ਥੰਮਾਂ ਵਾਂਗ ਖੜੇ ਰਹੇ ਓਵੇਂ।
ਦੇਖਦਿਆਂ ਗਏ ਬਦਲ ਇਰਾਦੇ।
ਬਿਨਾਂ ਬੋਲਿਆਂ ਹੋ ਗਏ ਵਾਅਦੇ।
ਸਾਥ ਜੀਆਂਗੇ, ਸਾਥ ਮਰਾਂਗੇ।
ਹੁਣ ਨਾ ਕਦੇ ਜੁਦਾ ਹੋਵਾਂਗੇ।

'ਹੁਣ ਤੂੰ ਮੈਨੂੰ ਛੱਡ ਨਾ ਜਾਵੀ'।
'ਤੂੰ ਵੀ ਮੈਨੂੰ ਨਾ ਠੁਕਰਾਵੀਂ।'
'ਮੈਂ ਤੇਰੇ ਬਿਨ ਜੀਅ ਨਹੀਂ ਸਕਣਾ।
ਜ਼ਹਿਰ ਜੁਦਾਈ ਪੀ ਨਹੀਂ ਸਕਣਾ।'
'ਮੈਂ ਤੇਰੇ ਬਿਨ ਮਰ ਜਾਵਾਂਗੀ।
ਘੁੱਟ ਜ਼ਹਿਰ ਦਾ ਭਰ ਜਾਵਾਂਗੇ।'
'ਤੁਧ ਬਨਿ ਮੇਰਾ ਕੀ ਰਣਵਾਸ।
ਤੁਧ ਬਿਨ ਰਹਿਣੇ ਮਹਿਲ ਉਦਾਸ।'
'ਜਿਸ ਉਪਵਨ ਮੈਂ ਉਮਰ ਗੁਜ਼ਾਰੀ।
ਤੁਧ ਬਿਨ ਪਲ ਲੰਘਣਾ ਦੁਸ਼ਵਾਰੀ।'
ਇਉਂ ਨੈਣਾਂ ਦੀ ਵਰਤ ਜ਼ੁਬਾਨ।
ਇਕ ਦੂਜੇ ਦੀ ਬਣ ਗਈ ਜਾਨ।

ਪ੍ਰੇਮਵਿਦਾ ਚੁੱਪ ਤੋੜੀ ਆ ਕੇ।
ਕਿਉਂ ਖੜੀਆਂ ਹੋ ਨੀਵੀਂ ਪਾ ਕੇ ?
ਚੱਲ ਸ਼ਕੁੰਤਲਾ ਕਰ ਕੁੱਝ ਧਿਆਨ।
ਲਿਆ ਕੁੱਝ ਖਾਣ ਪੀਣ ਦਾ ਸਮਾਨ।
ਆਏ ਪ੍ਰਾਹੁਣੇ ਦੀ ਕਰ ਸੇਵਾ।
ਲਿਆ ਜਾ ਕੇ ਕੁਝ ਫ਼ਲ ਫੁੱਲ ਮੇਵਾ।

ਫ਼ਲ ਫੁੱਲ ਮੇਵੇ ਤੇ ਸ਼ਰਦਾਈ।
ਆਸ਼ਰਮ ਵਿਚੋਂ ਝੱਟ ਲੈ ਆਈ।
ਕਰਨ ਲੱਗੀ ਮਹਿਮਾਨ ਨਿਵਾਜੀ।
ਮਿਲੀ ਪਿਆਰ ਦੀ ਪਹਿਲੀ ਬਾਜ਼ੀ।
ਧਰਤੀ ਉੱਤੇ ਪੈਰ ਨਾ ਲੱਗੇ।
ਦੇਖ-ਦੇਖ ਕੇ ਰੂਪ ਨਾ ਰੱਜੇ।
ਉੱਪਰੋਂ ਸ਼ਿਸ਼ਟਾਚਾਰ ਦੀਆਂ ਕੁਝ ਗੱਲਾਂ।
ਅੰਦਰੋਂ ਪਿਆਰ ਮਾਰਦਾ ਛੱਲਾਂ।
'ਜੀਅ ਕਰਦਾ ਘੁੱਟ ਭਰ ਪੀ ਜਾਵਾਂ।

ਜੀਅ ਕਰਦਾ ਨਾਲੇ ਸੀ ਜਾਵਾਂ।'
'ਜੇ ਤੂੰ ਮੈਥੋਂ ਮੰਗੇ ਪਾਣੀ।
ਵਿਚ ਘੁਲ ਜਾਵਾਂ ਮਿਸ਼ਰੀ ਜਾਣੀ।'

ਬੀਤ ਗਏ ਜਲਦੀ ਸੁਹਣੇ ਪਲ।
ਜਾਣਾ ਹੈ ਹੁਣ ਅਸੀਂ ਪਿਛਾਂਹ ਵੱਲ।
ਆਏ ਅਸੀਂ ਸਾਂ ਚੱਲ ਸ਼ਿਕਾਰੀ।
ਪਿੱਛੇ ਬੈਠੇ ਨੇ ਦਰਬਾਰੀ।
ਦੇਣੇ ਨੇ ਕੁਝ ਨਵੇਂ ਅਦੇਸ਼।
ਕੁਝ ਮਹਿਲੀਂ ਘੱਲਣੇ ਸੰਦੇਸ਼।

## ਸ਼ਕੁੰਤਲਾ

ਸਾਡੇ ਤੇ ਕਰਿਓ ਉਪਕਾਰ।
ਦਰਸ਼ਨ ਦੇਣੇ ਫਿਰ ਇਕ ਵਾਰ।

## ਦੁਸ਼ਿਅੰਤ

ਦਿਲ ਮੇਰਾ ਵੀ ਤੜਫੇ ਡਾਢਾ।
ਜਲਦੀ ਦੀਦ ਕਰਾਂਗਾ ਤੁਹਾਡਾ।

(ਦੁਸ਼ਿਅੰਤ ਚਲਾ ਜਾਂਦਾ ਹੈ।)

# 4. ਪਲੇਠਾ ਅਸਰ

ਸ਼ਕੁੰਤਲਾ ਅਤੇ ਦੁਸ਼ਿਅੰਤ ਦਾ ਪਹਿਲੀ ਤੱਕਣੀ ਹੀ ਪਿਆਰ ਹੋ ਜਾਂਦਾ ਹੈ। ਸ਼ਕੁੰਤਲਾ ਜਿਸ ਨੂੰ ਕਿ ਅੱਲ੍ਹੜ ਉਮਰੇ ਅਚਾਨਕ ਹੀ ਇਸ਼ਕ ਦਾ ਪਲੰਜਾ ਪੈ ਜਾਂਦਾ ਹੈ। ਦੁਸ਼ਿਅੰਤ ਦੇ ਜਾਣ ਬਾਅਦ ਡਾਢੀ ਬੇਕਰਾਰ ਹੋ ਜਾਂਦੀ ਹੈ। ਉਹ ਹਰ ਸਮੇਂ ਦੁਸ਼ਿਅੰਤ ਦੇ ਖਿਆਲਾਂ ਵਿੱਚ ਡੁੱਬੀ ਓਸ ਦੀ ਯਾਦ ਵਿਚ ਤੜਫਦੀ ਰਹਿੰਦੀ ਹੈ। ਓਸ ਦਾ ਜੀਅ ਹੁਣ ਕੰਮਾਂ ਵਿਚ ਨਹੀਂ ਲੱਗਦਾ, ਓਸ ਦੀ ਹਰ ਹਰਕਤ ਵਿਚੋਂ ਦੁਸ਼ਿਅੰਤ ਲਈ ਓਸ ਦੀ ਤੜਫਣ ਜਾਹਿਰ ਹੁੰਦੀ ਹੈ। ਉਸ ਦੀਆਂ ਹਰਕਤਾਂ ਨੂੰ ਭਾਂਪਦੀਆਂ ਉਸ ਦੀਆਂ ਸਖੀਆਂ ਉਸ ਨੂੰ ਆਨੀ-ਬਹਾਨੀ ਟਕੋਰਾਂ ਲਾਉਂਦੀਆਂ ਹਨ।

ਅਜਿਹੀ ਹੀ ਹਾਲਤ ਵਿਚ ਇਕ ਦਿਨ ਤਿੰਨੇ ਸਖੀਆਂ ਨਦੀ ਦੇ ਕਿਨਾਰੇ ਬੈਠੀਆਂ ਇਕ-ਦੂਸਰੀ ਨਾਲ ਛੇੜ-ਛਾੜ ਕਰ ਰਹੀਆਂ ਹਨ।

## ਸ਼ਕੁੰਲਤਾ

ਅੱਜ ਹੈ ਮੇਰੇ ਅੰਗ-ਅੰਗ,
ਕੋਈ ਫਿਰੇ ਅਦੁੱਤੀ ਚਾਅ।
ਕੋਈ ਰੂਹਾਨੀ ਨਸ਼ਾ ਜਿਹਾ,
ਮੇਰੀ ਰਗ ਰਗ ਟੁੰਬ ਰਿਹਾ।
ਬਿਹਬਲ ਹੋਇਆ ਮਨ ਖੌਲਦਾ,
ਜਿਉਂ ਪੱਤੀਆਂ ਛੇੜੇ ਵਾ।
ਮੈਨੂੰ ਲੱਗੇ ਮੇਰਾ ਗੀਤ ਹੀ,
ਰਹੀ ਕੁਦਰਤ ਰਾਣੀ ਗਾ।

## ਪ੍ਰੇਮਵਿਦਾ

ਤੇਰੀ ਚੜ੍ਹੀ ਜਵਾਨੀ ਸ਼ੂਕਦੀ,
ਜਿਉਂ ਚੜ੍ਹੀ ਪੁਰੇ ਦੀ ਵਾ।
ਤੇਰੇ ਅੰਦਰ ਦਾ ਮਨ ਮੌਲਿਆ,
ਤੇਰੇ ਡੁੱਲ-ਡੁੱਲ ਪੈਂਦੇ ਚਾਅ।
ਕੁਦਰਤ ਤਾਂ ਹਰ ਰੋਜ਼ ਵਾਂਗ,
ਰਹੀ ਆਪਣਾ ਰੰਗ ਦਿਖਾ।
ਇਹ ਤਾਂ ਤੇਰਾ ਜੋਸ਼ ਜਵਾਨੀ,
ਰਿਹਾ ਹੈ ਗੁੱਲ ਖਿੜਾ।

## ਅਨਸੂਆ

ਹਾਂ ਸਾਨੂੰ ਤਾਂ ਨਹੀਂ ਜਾਪਦਾ,
ਰੰਗ ਕੁਦਰਤ ਦਾ ਵੱਖਰਾ।
ਓਹੀ ਵੇਲਾਂ ਪੱਤੀਆਂ ਦਾ,
ਅੱਜ ਵੀ ਰੰਗ ਹਰਾ।
ਤੈਨੂੰ ਹੀ ਹੈ ਜਾਪਦਾ,
ਹੋਇਆ ਵਾ ਕੋਈ ਸ਼ੁਦਾ।
ਦੇਖ ਤੇਰਿਆਂ ਨੈਣਾਂ 'ਚੋਂ,
ਕੋਈ ਸਾਗਰ ਉਮਡ ਰਿਹਾ।

## ਸ਼ਕੁੰਤਲਾ

ਨਹੀਂ-ਨਹੀਂ ਤੁਸੀਂ ਦੇਖ ਲੋ,
ਅੱਜ ਵੱਖਰਾ ਦਿਨ ਚੜ੍ਹਿਆ।
ਕਲੀਆਂ ਦੇ ਕੰਨੀਂ-ਭੌਰਿਆਂ,
ਨੇ ਦਿੱਤਾ ਸ਼ੋਰ ਮਚਾ।
ਤਿੱਤਲੀਆਂ ਹੋਈਆਂ ਖੀਵੀਆਂ,
ਬੈਠੀਆਂ ਨੇ ਝੁਰਮਟ ਪਾ।
ਕੋਈ ਜੁਗਨੂੰ ਲੁਕ ਛਿਪ ਦੇਖਦਾ,
ਖੋੜਾਂ ਦੇ ਵਿਚ ਬੈਠਾ।

## ਪ੍ਰੇਮਵਿਦਾ

ਆਹੋ ਨੀ ਮੇਰੀ ਰਾਣੀਏ,

ਬੈਠੀ ਬੁਲਬੁਲ ਡਾਲੀ ਆ।
ਪੀਹੂ-ਪੀਹੂ ਬੋਲਦਾ,
ਸਾਡੇ ਮਨ ਨੂੰ ਰਿਹਾ ਹੈ ਭਾਅ।
ਸੁਆਂਤ ਬੂੰਦ ਨੂੰ ਛੱਡ ਜੋ,
ਤੇਰੇ ਰੂਪ ਨੂੰ ਨਿਰਖ ਰਿਹਾ।
ਤੇਰੇ ਦਿਲ ਦੀ ਗੱਲ ਜਾਣਦਾ,
ਲੱਗਦਾ ਹੈ ਬੰਬੀਹਾ।

## ਅਨਸੂਆ

ਹਾਂ ਕੋਇਲ ਵੀ ਧੁਨ ਨੀਮ ਵਿਚ,
ਹੈ ਰਹੀ ਬਿਰਹੜੇ ਗਾ।
ਸਾਡੀ ਤ੍ਰਿਸ਼ਨਾ ਨੂੰ ਧਰੂੰਹਦੀ,
ਹੇਕਾਂ ਨੂੰ ਲਮਿਆ।
ਇਸ ਦਾ ਹਰ ਇਕ ਬੋਲ ਅਸਾਡੇ,
ਸੀਨੇ ਖੁਭ ਜਾਂਦਾ।
ਜਿਉਂ ਨੀਲ ਕਮਲ ਦਾ ਤਿੱਖਾ ਪੱਤਾ,
ਵੇਲਾਂ ਕੱਟ ਜਾਂਦਾ।

## ਸ਼ਕੁੰਤਲਾ

ਇਨ੍ਹਾਂ ਵੇਲਂ ਨੂੰ ਕੀ ਹੋ ਗਿਆ,
ਹੋਈਆਂ ਗੁੱਥਮ ਗੁੱਥਾ।
ਸਿਰ ਚੁੱਕ ਉਤਾਂਹ ਨੂੰ ਦੇਂਹਦੀਆਂ,
ਕਿਵੇਂ ਧੌਣਾਂ ਨੂੰ ਅਕੜਾ।
ਕਿਵੇਂ ਕੱਢ-ਕੱਢ ਲੰਮੇ ਤਰੱਕਲੇ,
ਇਹ ਮੇਰਾਂ ਰਹੀਆਂ ਵਧਾ।
ਜਿਉਂ ਨਾਗ ਦੁਫਾੜੀ ਜੀਭ ਕੱਢ,
ਲੋਕਾਂ ਨੂੰ ਰਿਹਾ ਡਰਾ।

## ਪ੍ਰੇਮਵਿਦਾ

ਤੋਤਿਆਂ ਨੇ ਮੁੰਜੀ ਟੁੱਕ ਟੁੱਕ,
ਦਿੱਤੇ ਨੇ ਢੇਰ ਲਗਾ।
ਗਾਲੜ੍ਹਾਂ ਅਖਰੋਟਾਂ ਖਾ ਖਾ,
ਛਿਲਕਾਂ ਨੂੰ ਦਿੱਤਾ ਖਿੰਡਾ।

ਬਿਜੜਿਆਂ ਗੋਂਦਾਂ ਗੁੰਦ ਗੁੰਦ,
ਲਏ ਪੁੱਠੇ ਮਹਿਲ ਬਣਾ।
ਸ਼ੈਵਾਲ ਦੀਆਂ ਤੈਹਾਂ ਵਿਚ ਘੋਗਿਆਂ,
ਘੁਰਨੇ ਲਏ ਬਣਾ।

## ਅਨਸੂਆ

ਮੋਰਾਂ ਨੇ ਪੈਲਾਂ ਪਾ ਪਾ,
ਪੈਰਾਂ' ਚੋ ਪੁੱਟਤਾ ਘਾਹ।
ਇਕ ਇਕ ਕਰਕੇ ਝੜ ਗਿਆ,
ਖੰਭਾਂ ਦਾ ਕੁਲ ਦਸਤਾ।
ਮੋਰਨੀਆਂ ਹੰਝੂ ਪੀ-ਪੀ,
ਅੱਜ ਤ੍ਰਿਸ਼ਨਾ ਲਈ ਬੁਝਾ।
ਹੰਝੂਆ ਦਾ ਇਹ ਭੋਗ ਵੀ,
ਕੁੱਖਾਂ ਵਿਚ ਫਲਿਆ ਜਾ।

## ਸ਼ਕੁੰਤਲਾ

ਕੋਇਲਾਂ ਨੇ ਬੱਚੇ ਆਪਣੇ,
ਕਾਵਾਂ ਲੜ ਦਿੱਤੇ ਲਾ।
ਕੂੰਜ ਵੀ ਬੱਚੇ ਆਪਣੇ,
ਪਰਬਤ ਲੜ ਆਈ ਲਾ।
ਸਿੱਪਾਂ ਨੇ ਬੱਚੇ ਆਪਣੇ,
ਦਿੱਤੇ ਸਾਗਰ ਝੋਲੀ ਪਾ।
ਚਮਗਿੱਦੜਾਂ ਬੱਚੇ ਜੰਮ ਕੇ,
ਦਿੱਤੇ ਰੁੱਖਾਂ' ਨਾ ਚਿਪਕਾ।

## ਪ੍ਰੇਮਵਿਦਾ

ਚਾਮਚਿੜਕਾਂ ਖੰਡਰਾਂ ਦੇ ਵਿਚ,
ਬੱਚੇ ਦਿੱਤੇ ਚਾ।
ਮਖਿਆਲਾਂ, ਆਪਣੇ ਬੱਚਿਆਂ ਨੂੰ,

---

1. ਸ਼ੈਵਾਲ- ਜੰਗਲੀ ਘਾਹ ਦਾ ਇਕ ਕਿਸਮ।
2. ਕਹਿੰਦੇ ਹਨ ਕਿ ਪੈਲ ਪਾਉਂਦੇ ਸਮੇਂ ਮੋਰ ਆਪਣੇ ਕੋਝੇ ਪੈਰਾਂ ਨੂੰ ਦੇਖ ਕੇ ਵੈਰਾਗ ਦੇ ਹੰਝੂ ਕੇਰਦਾ ਹੈ, ਮੋਰਨੀ ਇਨ੍ਹਾਂ ਹੰਝੂਆਂ ਨੂੰ ਪੀ ਕੇ ਗਰਭਵਤੀ ਹੋ ਜਾਂਦੀ ਹੈ।

ਮਿਸ਼ਰੀ ਨਾ ਢੱਕ ਦਿੱਤਾ।
ਮਧੂ-ਮਖੀਆਂ ਸੰਘਣੇ ਸ਼ਹਿਦ ਵਿਚ,
ਬੱਚਿਆ ਨੂੰ ਦਿੱਤਾ ਸੁਆ।
ਡੂਮਣੀਆਂ ਬੱਚਿਆਂ ਤੇ ਦਿੱਤੇ,
ਕਰੜੇ ਪਹਿਰ ਲਾ।

## ਅਨਸੂਆ

ਘਰਘੀਡਾਂ[1] ਪੋਚੇ ਪੋਚੇ ਪੋਚ,
ਘਰ ਸੁਹਣੇ ਲਏ ਸਜਾ।
ਫੜ ਫੜ ਆਵਾਰਾ ਭੂੰਡੀਆਂ,
ਨੂੰ ਵਿਚੇ ਡੱਕ ਦਿੱਤਾ।
ਤੇ ਆਉਣ ਵਾਲੇ ਛੇ-ਮਾਂਹ ਲਈ,
ਬੂਹੇ ਨੂੰ ਲਿੱਪ ਦਿੱਤਾ।
ਇਉਂ ਫੜ ਬੇਗਾਨੇ ਬੱਚੜੇ,
ਉਨ੍ਹਾਂ ਆਪਣੇ ਲਏ ਬਣਾ।

## ਸ਼ਕੁੰਤਲਾ

ਮੱਕੜੀਆਂ ਤਾਰਾਂ ਕੱਤ ਕੱਤ,
ਕਈ ਲਏ ਗਲੋਟੇ ਲਾਹ,
ਹਾਲੇ ਵੀ ਨਾ ਮੁੱਕਦੀ,
ਓਹਨਾਂ ਦੀ ਵਾਹੋ ਦਾਹ।
ਹਰ ਪੱਤਾ ਡਾਲੀ ਫੁੱਲ ਫੁੱਲ,
ਰੇਸ਼ਮ ਨਾਲ ਢੱਕ ਦਿੱਤਾ।
ਜਿਉਂ ਆਗਣ ਦੇ ਵਿਚ ਦੁਲਹਨ ਕੋਈ,
ਬੈਠੀ ਦਾਜ ਵਿਛਾ।

## ਪ੍ਰੇਮਵਿਦਾ

ਖੋੜਾਂ ਦੇ ਵਿਚ ਬੋਟਾਂ ਨੇ,
ਦਿੱਤਾ ਚੜਚੋਲਾ ਪਾ।

---

1. ਕਹਿੰਦੇ ਹਨ ਕਿ ਘਰਘੀਂਡ ਜੋ ਦੇਖਣ ਨੂੰ ਛੋਟੇ ਭਰਿੰਡ ਜਿਹੀ ਲੱਗਦੀ ਹੈ, ਕਿਸੇ ਭੂੰਡੀ ਨੂੰ ਫੜ ਕੇ ਆਪਣੇ ਬਣਾਏ ਘਰ ਵਿਚ ਬੰਦ ਕਰਕੇ ਮਿੱਟੀ ਨਾਲ ਢੱਕ ਦਿੰਦੀ ਹੈ ਅਤੇ ਛੇ ਮਹੀਨੇ ਬਾਦ ਉਹ ਭੂੰਡੀ ਘਰਘੀਂਡ ਦੇ ਬੱਚੇ ਦੇ ਰੂਪ ਵਿਚ ਜਨਮ ਲੈਂਦੀ ਹੈ।

ਮਾਨੋ ਵੱਡਿਆ ਦੇ ਬੋਲ ਦੀ,
ਉਹ ਨਕਲ ਰਹੇ ਨੇ ਲਾਹ।
ਕਾਵਾਂ ਦੇ ਬੱਚਿਆਂ ਕਾਂ ਕਾਂ ਦੀ,
ਦਿੱਤੀ ਰੌਲੀ ਪਾ।
ਘੁੱਗੀਆਂ ਦੇ ਬੱਚੇ ਮੋਨ ਧਾਰ,
ਲਿਵ ਰੱਬ ਨਾ ਬੈਠੇ ਲਾ।

## ਅਨਸੂਆ

ਮੱਛਲੀਆਂ ਹੋ ਕੇ ਖੀਵੀਆਂ,
ਅੱਜ ਨਦੀਏ ਰਹੀਆਂ ਨਹਾ।
ਭਾਰ ਖੰਭਾਂ ਦਾ ਤੋਲ ਕੇ,
ਟੋਕੇ[1] ਵੀ ਲਾਇਆ ਦਾਅ।
ਮਾਨੋ ਗੋਕਲ ਦੀਆਂ ਗੁਜਰੀਆਂ,
ਰਹੀਆਂ ਜਮਨਾ ਤੱਟ ਨਹਾ।
ਤੇ ਕ੍ਰਿਸ਼ਨ ਸਾਉਲਾਂ ਲੁਕ ਕੇ,
ਉਨ੍ਹਾਂ ਨੂੰ ਦੇਖ ਰਿਹਾ।

## ਸ਼ਕੁੰਤਲਾ

ਕਿੰਨੀ ਸੋਹਣੀ ਉਪਵਨ ਦੇ ਵਿਚ,
ਵਗੇ ਪੁਰੇ ਦੀ ਵਾ।
ਇਉਂ ਲੱਗਦੀ ਮੁੜ-ਮੁੜ ਜਿਸ ਤਰ੍ਹਾਂ,
ਇਹ ਮੈਨੂੰ ਰਹੀ ਬੁਲਾ।
ਮੈਂ ਆਪੇ ਦੇ ਵਿਚ ਗੁੰਮ ਹਾਂ,
ਜਿਵੇਂ ਚੜ੍ਹਿਆ ਕੋਈ ਨਸ਼ਾ।
ਅੱਜ ਭੌਰਾ ਕਲੀਆਂ ਚੁੰਮਦਾ,
ਮੈਥੋਂ ਜਰਿਆ ਨਹੀਂ ਜਾਂਦਾ।

## ਪ੍ਰੇਮਵਿਦਾ

ਹਾਂ ਦੇਖ ਨੀ ਅੜੀਏ, ਪਾਪੀ ਭੌਰਾ,
ਕੀ ਕੀ ਨਖਰੇ ਕਰਦਾ।
ਉਸ ਭੋਲੀ ਭਾਲੀ ਕਲੀ ਦਾ,
ਉਸ ਅੰਗ -ਅੰਗ ਟੋਹ ਸੁਟਿਆ।

1. ਟੋਕਾ- ਇਕ ਪੰਛੀ ਜੋ ਪਾਣੀ ਵਿਚ ਫਿਰਦੀਆਂ ਮੱਛਲੀਆਂ ਨੂੰ ਦਾਅ ਲਾ ਕੇ ਚੁੱਕ ਲੈ ਜਾਂਦਾ ਹੈ।

ਇਕ ਪਲ ਵਿਚ ਹੀ ਕਈ ਵਾਰ ਇਹ,
ਬੁੱਲ੍ਹ ਉਸਦੇ ਚੁੰਮ ਗਿਆ।
ਫਿਰ ਵੀ ਪਲ ਪਲ ਵਧ ਰਹੀ,
ਹੈ ਇਸਦੀ ਲਾਲਸਾ।

## ਅਨਸੂਆ

ਏਦਾਂ ਹੀ ਬੁਲਬੁਲ ਫੁੱਲਾਂ ਦਾ,
ਹੈ ਕਰਦੀ ਨਹੀਂ ਵਸਾਹ।
ਫੁੱਲ ਵੀ ਖੀਵੇ ਹੋ ਹੋ,
ਰਹੇ ਆਪ ਵੀ ਮਹਿਕ ਖਿੰਡਾ।
ਭੰਬੀਰੀਆਂ ਗੇੜੇ ਖਾ ਖਾ,
ਡਿੱਗ ਪਈਆਂ ਹੋਸ਼ ਗੰਵਾ।
ਅੱਜ ਹਵਾਵਾਂ ਵਿਚ ਵੀ,
ਕੋਈ ਘੁਲ ਮਿਲ ਗਿਆ ਨਸ਼ਾ।

## ਸ਼ਕੁੰਤਲਾ

ਕੋਈ ਹਸਰਤ ਮੇਰੇ ਦਿਲ ਵਿਚੋਂ,
ਰਹੀ ਉਮਡ ਉਮਡ ਕੇ ਆ।
ਮਨ ਹੀ ਮਨ ਵਿਚ ਮਨ ਮੇਰੇ ਤੋਂ,
ਸਾਂਭਿਆ ਜਾਏ ਨਾ ਚਾਅ।
ਕੋਠੇ ਚੜ ਕਰਵੇ ਡੋਲ੍ਹਦੀ,
ਜਿਵੇਂ ਕੋਈ ਕੰਜਕਾ।
ਤੋ ਹੋਵਣ ਵਾਲੇ ਪਤੀ ਦੀਆਂ,
ਦਿਲ ਸੁਖਾ ਰਹੀ ਮਨਾ।

## ਪ੍ਰੇਮਵਿਦਾ

ਹਾਂ ਅੰਗ-ਅੰਗ ਤੇਰਾ ਮੌਲਿਆ,
ਤੇ ਪਲ-ਪਲ ਫੜਕ ਰਿਹਾ।
ਹੋਠਾਂ ਦੀ ਲਾਲੀ ਪਲ ਪਲ ਤੇਰੀ,
ਗੂੜ੍ਹੀ ਹੁੰਦੀ ਜਾ।
ਮੱਥੇ' ਚੋ ਦਿਵ੍ਯ-ਜੋਤ ਦੀ,

ਕੋਈ ਸ਼ੋਖੀ ਮਾਰੇ ਭਾਅ।
ਅੱਖਾਂ' ਚੋ ਜੁਆਲਾਮੁਖੀ ਦਾ,
ਕੋਈ ਪਰਬਤ ਪਾਟ ਰਿਹਾ।

## ਅਨਸੂਆ

ਤੇਰੀ ਨਸ ਨਸ ਦੀ ਬਾਸ ਨੇ,
ਪੱਤ ਪੱਤ ਦਿੱਤਾ ਮਹਿਕਾ।
ਜੁਲਫ਼ ਤੇਰੀ ਨੇ ਉਪਵਨ ਦੇ ਵਿਚ,
ਕੇਸਰ ਛਿੜਕ ਦਿੱਤਾ।
ਕਸਤੂਰੀ ਕੁੰਗ ਕਪੂਰ ਨੀ ਤੇਰੇ,
ਮੁੜਕੇ' ਚੋਂ ਚੌਂਦਾ।
ਮਾਨੋ ਇਤਰਾਂ ਦੀ ਨਹਿਰ' ਚੋਂ,
ਤੂੰ ਨਿਕਲੀ ਹੁਣੇ ਨਹਾ।

## ਸ਼ਕੁੰਤਲਾ

ਵਲ ਕਲ ਦੇ ਹੌਲੇ ਬਸਤਰਾਂ,
ਮੇਰਾ ਅੰਗ-ਅੰਗ ਕੱਸ ਦਿੱਤਾ।
ਸਿੰਬਲ ਦੀ ਨਰਮ ਤੜਾਗੀ ਨੇ,
ਮੇਰੇ ਚੀਘਾਂ ਦਿੱਤੀਆਂ ਪਾ।
ਤਨਵੰਗੀ ਮੇਰੀ ਨੇ ਹਿੱਕ ਤੇ,
ਦਿੱਤੇ ਨੇ ਨੀਲ ਉਠਾ।
ਮੇਰੀ ਅੰਗੀ ਢਿੱਲੀ ਕਰ ਦਿਓ,
ਕੁੱਝ ਨਵਾਂ ਸ਼ੈਵਾਲ ਲਗਾ।

## ਪ੍ਰੇਮਵਿਦਾ

ਇਹ ਜੋਬਨ ਬਾਗੀ ਹੋ ਗਏ,
ਜਾਂ ਆਈ ਰੁੱਤ ਫ਼ਿਜ਼ਾ।
ਕੋਈ ਭੌਰਾ ਆਪਣੇ ਝੱਲ-ਪੁਣੇ,
ਸੱਪਾਂ ਨੂੰ ਛੇੜ ਗਿਆ।
ਇਹ ਹੁਣ ਆਪਣੇ ਸੁਭਾ ਦੇ,
ਰਹੇ ਜ਼ਹਿਰੀ ਡੰਗ ਚਲਾ।
ਆਪੇ ਹੀ ਆਪਣੇ ਇਸ਼ਕ ਦੀਆਂ,
ਹੁਣ ਕੱਸ ਕੇ ਰੱਖ ਵਾਗਾਂ।

## ਅਨਸੂਆ

ਕੱਲ੍ਹ ਚਾਬਕ ਲੱਗੀ ਪ੍ਰੇਮ ਦੀ,
ਦਾ ਅਸਰ ਹੈ ਅੱਜ ਹੋਇਆ।
ਤੇਰੇ ਨਰਮ ਸਰੀਰ' ਚੋਂ,
ਅੱਜ ਸੇਕ ਰਿਹਾ ਹੈ ਆ।
ਅੱਖਾਂ ਵਿਚ ਦੌਰ ਸ਼ਰਾਬ ਦੇ,
ਤੈਨੂੰ ਚੜ੍ਹਿਆ ਕਾਮ ਨਸ਼ਾ।
ਉਸ ਰਾਜ ਰਿਸ਼ੀ ਦੁਸ਼ਿਅੰਤ ਦੀ,
ਅੱਜ ਫੇਰ ਦੁਹਾਈ ਪਾ।

## ਸ਼ਕੁੰਤਲਾ

ਨਾਂ ਸੁਣ ਕੇ ਦੁਸ਼ਿਅੰਤ ਦਾ,
ਮੇਰੇ ਸੀਨੇ ਹੌਲ ਪਿਆ।
ਉਸ ਰਾਜ ਰਿਸ਼ੀ ਦੇ ਰੂਪ ਤੇ,
ਮੇਰਾ ਆਪਾ ਡੁੱਲ੍ਹ ਗਿਆ।
ਲੱਗਦਾ ਹੈ ਜੁਗਾਂ ਜੁਗਾਂਤਰਾਂ ਦਾ,
ਮੇਰਾ ਉਸਦਾ ਵਾਹ।
ਪਹਿਲੀ ਤੱਕਣੀ ਓਸ ਲਈ,
ਮੇਰਾ ਪਿਆਰ ਸੀ ਜਾਗ ਪਿਆ।

## ਪ੍ਰੇਮਵਿਦਾ

ਤਾਹੀਓ ਤਾਂ ਤੇਰੀਆਂ ਨਰਮ ਕਲਾਈਆਂ,
ਮੁੜ ਮੁੜ ਰਹੀਆਂ ਨੇ ਜਾ।
ਪੋਟੇ ਤੇਰੀਆਂ ਉਂਗਲੀਆਂ ਦੇ,
ਨੀਲੀ ਮਾਰਨ ਭਾਅ।
ਦੇਖਦਿਆਂ ਹੀ ਚੇਹਰਾ ਤੇਰਾ,
ਰੱਤਾ ਹੋ ਚਲਿਆ।
ਜਿਉਂ ਗੇਰੂ ਪੱਥਰ ਧੁੱਪ ਦੀ,
ਗਰਮੀ ਨਾਲ ਪਾਟ ਗਿਆ।

## ਅਨਸੂਆ

ਤੇਰੇ ਕੰਨੀਂ ਚੜ੍ਹੀ ਭਲੂਣ ਨੀ,
ਤੇਰੀਆਂ ਅੱਖਾਂ ਤੇ ਸੋਜਾ।
ਕੋਈ ਛਪਾਕੀ ਰੂਪ ਤੇਰੇ ਤੋਂ,
ਲੰਘੀ ਫੜ ਫੜਾ।
ਬੈਠੀ-ਬੈਠੀ ਦਾ ਪਿੰਡਾ ਤੇਰਾ,

ਧੱਫੜੀਂ ਭਰ ਚਲਿਆ।
ਦਗ਼ ਦਗ਼ ਕਰਦਾ ਰੂਪ ਤੇਰਾ,
ਅੱਜ ਝੱਲਿਆਂ ਨਹੀਂ ਜਾਂਦਾ।

## ਸ਼ਕੁੰਤਲਾ

ਥਾਂ-ਥਾਂ ਤੇ ਨਾੜਾਂ ਖੜਗੀਆਂ,
ਮੇਰਾ ਖ਼ੂਨ ਨਹੀਂ ਤੁਰਦਾ।
ਮੇਰੇ ਰਗ਼ਾਂ ਦੇ ਘੋਗੇ ਫੁੱਲ ਗਏ,
ਮੇਰਾ ਸਾਹ ਵਿਚ ਰਲੇ ਨਾ ਸਾਹ।
ਮੈਨੂੰ ਪਲ ਪਲ ਤ੍ਰੇਲੀ ਆਂਵਦੀ,
ਮੇਰਾ ਮੱਥਾ ਪਾਟ ਰਿਹਾ।
ਇਸ਼ਕ ਮੇਰੇ ਦੇ ਗਰਮੀ ਮੇਰਾ,
ਲੂੰ-ਲੂੰ ਲੂਹ ਦਿੱਤਾ।

## ਪ੍ਰੇਮਵਿਦਾ

ਹਾਲ ਤੇਰੇ ਦਾ ਅਕਸ਼ ਕੁੜੇ,
ਪੱਤ ਪੱਤ ਤੇ ਪੈ ਚੱਲਿਆ।
ਚੌਗਿਰਦਾ ਸੋਗੀ ਹੋ ਗਿਆ,
ਤੇਰਾ ਦੇਖ ਕੇ ਹਾਲ ਬੁਰਾ।
ਕਾਮਦੇਵ ਦੀ ਗਰਮੀ ਨੇ,
ਤੇਰਾ ਪਿੰਡਾ ਝੰਬ ਦਿੱਤਾ।
ਸੀਨੇ ਤੇਰੇ ਦੀ ਧੜਕਣ ਨੀ,
ਹੁਣ ਧਰਤੀ ਰਹੀ ਹਿਲਾ।

## ਅਨਸੂਆ

ਮੁਟਿਆਰਾਂ ਨੂੰ ਕਈ ਵਾਰ ਤਾਪ,
ਗਰਮੀ ਦਾ ਚੜ੍ਹ ਜਾਂਦਾ।
ਕਾਮ ਦੇਵ ਵੀ ਕਈ ਵਾਰ,
ਦਿੰਦਾ ਹੈ ਤਾਪ ਚੜ੍ਹਾ।
ਗਰਮੀ ਦਾ ਜੋ ਤਾਪ,
ਹੁਸਨ ਦੀ ਸ਼ੋਖੀ ਮਿੱਧ ਦਿੰਦਾ।
ਪਰ ਕਾਮ ਦੇਵ ਦਾ ਤਾਪ,
ਸੁੰਦਰਤਾ ਨਸ਼ਟ ਨਹੀਂ ਕਰਦਾ।

(ਕਾਲੀ ਦਾਸ)

## ਸ਼ਕੁੰਤਲਾ

ਮੇਰਾ ਪਿੰਡਾ ਤਪਿਆ ਸ਼ੂਕਦਾ,
ਜਿਉਂ ਭੱਠੀ ਮਾਰੇ ਤਾ।
ਮੈਨੂੰ ਇਸ਼ਕ ਦਾ ਤੇਈਆ ਤਾਪ ਨੀ,
ਅੱਜ ਕੰਬ ਕੇ ਚੜ੍ਹ ਚਲਿਆ।
ਭਰ ਭਰ ਕਾਸੇ ਖ਼ੂਨ ਦੇ,
ਮੇਰੇ ਜ਼ਿਗਰ' ਚੋਂ ਹੈ ਪੀਂਦਾ।
ਮੂਸਾ ਤੇ ਫਰਔਨ ਦੀਆਂ,
ਮੈਨੂੰ ਗੱਲਾਂ ਰਿਹਾ ਸੁਣਾ।

## ਪ੍ਰੇਮਵਿਦਾ

ਤੂੰ ਵਾਂਗ ਸ਼ੁਦਾਈਆਂ ਝਾਕਦੀ,
ਤੇਰਾ ਸ਼ੂਕੇ ਹਰ ਇਕ ਸਾਹ।
ਜਿਉਂ ਵਿਚ ਕਸੋਰੇ ਬੰਦ ਨਾਗ,
ਗੁੱਸੇ ਵਿਚ ਸ਼ੂਕ ਰਿਹਾ।
ਨੱਸ ਨੱਸ' ਚੋਂ ਲਾਟਾਂ ਉਠੀਆਂ,
ਤੇਰਾ ਅੰਗ-ਅੰਗ ਧੁਖਦਾ।
ਕਿਤੇ ਇਸ਼ਕ ਮਿਲਾਇਆ, ਝੱਲ-ਪੁਣੇ,
ਖਾ ਬੈਠੀ ਤੂੰ ਪਾਰਾ।

## ਅਨਸੂਆ

ਤੂੰ ਨੀਲੀ ਪੀਲੀ ਹੋ ਗਈ,
ਕੋਈ ਬਾਸ਼ਕ ਮੂੰਹ ਲਾ ਗਿਆ।
ਤੂੰ ਬੈਠੀ ਖਿੰਗਰ ਹੋ ਗਈ,
ਕੋਈ ਬਿੱਛੂ ਡੰਗ ਗਿਆ।
ਤੇਰੀਆਂ ਸੁੱਜੀਆਂ ਤਲੀਆਂ ਥੇਲ੍ਹੀਆਂ,
ਤੇਰੇ ਅੰਗ-ਅੰਗ ਸੋਜਾ।
ਤੂੰ ਸੁੱਜ ਭੜੋਲਾ ਹੋ ਗਈ,
ਕੋਈ ਡੇਂਬੂ ਡੱਸ ਗਿਆ।

## ਸ਼ਕੁੰਤਲਾ

ਮੇਰੀ ਨਸ ਨਸ ਦੇ ਵਿਚ ਕਾਮਦੇਵ,

ਹੈ ਗਰਮੀ ਰਿਹਾ ਵਧਾ।
ਮੇਰੇ ਅੰਗੀਂ ਹੋਏ ਜਲੂਣ ਨੀ,
ਮੇਰੀ ਹਿੱਕ' ਚੋਂ ਮਾਰੇ ਤਾਅ।
ਵੇਗ ਕਾਮ ਦੀ ਗਰਮੀ ਦਾ,
ਮੇਰਾ ਸੀਨਾ ਪਾੜ ਰਿਹਾ।
ਜਿਉਂ ਲਾਵਾ ਜੁਆਲਾਮੁਖੀ ਦੇ,
ਅੰਦਰ੍ ਨੂੰ ਰਿੜਕ ਰਿਹਾ।

## ਪ੍ਰੇਮਵਿਦਾ

ਅੱਜ ਸੁਬ੍ਹਾ ਤੋਂ ਹਿੱਕ ਤੇਰੀ ਦਾ,
ਘਟਿਆ ਨਹੀਂ ਅਕੜਾ।
ਤੇਰੀ ਬੇਹੋਸ਼ੀ ਵਿਚ ਵੀ,
ਅਸੀਂ ਕੀਤੇ ਕਈ ਉਪਾਅ।
ਤੇਰੀਆਂ ਬੁੱਥੀਆਂ ਤੇ ਖ਼ਸ਼-ਖ਼ਸ਼ ਤੇ,
ਚੰਦਨ ਦਾ ਲੇਪ ਕੀਤਾ।
ਫਿਰ ਵੀ ਤੇਰਾ ਇਸ਼ਕ ਰਤਾ ਵੀ,
ਹੋਇਆ ਨਹੀਂ ਠੰਡਾ।

## ਅਨਸੂਆ

ਛੇਤੀ ਵੀ ਤੇ ਠੀਕ ਵੀ,
ਲੋੜੀਂਦਾ ਕਰੋ ਉਪਾਅ।
ਨਹੀਂ ਤਾਂ ਵੇਲਾ ਸਖੀਓ ਨੀ,
ਹੁਣ ਹੱਥੋਂ ਹੈ ਜਾਂਦਾ।
ਸੁਣਿਆ ਹੈ ਇਸ਼ਕ ਨਿਮਾਣੇ ਦੀ,
ਬਿਨਾਂ ਦੀਦ ਦੇ ਨਹੀਂ ਦੁਆ।
ਜਿੰਨੀ ਜਲਦੀ ਹੋ ਸਕਦਾ,
ਦੁਸ਼ਿਅੰਤ ਨੂੰ ਲਵੋ ਬੁਲਾ।

## ਸ਼ਕੁੰਤਲਾ

## (ਕੁੱਝ ਖਿੱਝ ਕੇ)

ਜਿਉਂ ਪੀਰ ਫਕੀਰ ਮਨਾਂਵਦੀ,
ਨੂੰ ਗਰਭ ਮਸਾਂ ਟਿਕਿਆ।
ਤੇ ਉਹ ਵੀ ਲੱਗ ਸਖੀਰ ਤੇ,

ਸੱਤ-ਮਾਹਾ ਡਿੱਗ ਪਿਆ।
ਜਿਉਂ ਬ੍ਰਿਹਣ ਹਿੱਕਾਂ ਪਿੱਟਦੀ,
ਦਾ ਸੀਨਾ ਪਾਟ ਗਿਆ।
ਜਿਉਂ ਰੰਨ ਦੁਹਾਗਣਿ ਹਿਜਰ ਦੀ,
ਅੱਧੀ ਰਾਤੀਂ ਮਾਰੇ ਧਾਅ।
ਜਿਉਂ ਕਾਮਣਿ ਸੇਜ ਸੰਵਾਰਦੀ,
ਦਾ ਭਰਤਾ ਰੁੱਸ ਗਿਆ।
ਇਹ ਬ੍ਰਿਹੋਂ ਸੂਲਾਂ ਤਿੱਖੀਆਂ,
ਮੇਰਾ ਅੰਗ-ਅੰਗ ਬਿੰਨ੍ਹ ਦਿੱਤਾ।
ਮੈਂ ਤੂੰਬਾ-ਤੂੰਬਾ ਹੋ ਗਈ,
ਮੈਨੂੰ ਪੇਂਜੇ ਪਿੰਜ ਲਿਆ।
ਮੈਂ ਛਿੰਗ-ਛਿੰਗ ਉੱਡਦੀ ਜਾਂਵਦੀ,
ਮੈਨੂੰ ਛਮਕੀ ਝੰਬ ਦਿੱਤਾ।
ਹੁੰਦਾ ਹੈ ਤਾਂ ਕਰ ਲਵੋ,
ਜੇ ਹੁੰਦਾ ਕੋਈ ਉਪਾਅ।
ਉਸਨੂੰ ਸੱਦਣ ਦੀ ਸਕੀਮ,
ਕੋਈ ਜਲਦੀ ਲਵੋ ਬਣਾ।
ਦਿਲ ਡਰਦਾ ਹੈ ਮੇਰਾ, ਕਿਤੇ,
ਉਹ ਦੇਵੇ ਨਾ ਠੁਕਰਾ।

## ਪ੍ਰੇਮਵਿਦਾ

ਵਾਹ! ਨੀ ਸਖੀਏ ਕਿਸ ਤਰ੍ਹਾਂ,
ਤੂੰ ਗੱਲਾਂ ਰਹੀ ਸੁਣਾ।
ਹਰ ਥਾਂ ਮਿਕਨਾਤੀਸ ਸਦਾ,
ਲੋਹੇ ਨੂੰ ਹੈ ਖਿੱਚਦਾ।
ਮੋੜੇਗਾ ਭਲਾ ਚਕੋਰ, ਚੰਨ ਜੇ,
ਦਰ ਤੇ ਜਾਵੇ ਆ।
ਇਹ ਪ੍ਰੇਮ ਦੁਪਾਸੀਂ ਖਿੱਚ ਹੈ,
ਇਕ ਪਾਸੇ ਨਹੀਂ ਹੁੰਦਾ।

## ਅਨਸੂਆ

ਉੱਚਿਤ ਹੈ ਖਤ ਪ੍ਰੇਮ ਦਾ,
ਲਿਖਦੇ ਨਾ ਦੇਰ ਲੱਗਾ।
ਆਵੇਗਾ ਚੱਲ ਜ਼ਰੂਰ ਉਹ,
ਦਿਲ ਮੇਰਾ ਹੈ ਮੰਨਦਾ।

## ਪ੍ਰੇਮਵਿਦਾ

ਵਾਹ ਨੀ ਸਖੀਏ ਲੱਭਿਆ,
ਤੂੰ ਸੁਹਣਾ ਬੜਾ ਉਪਾਅ।
ਜਲਦੀ ਕਰ ਤੂੰ ਇਸ਼ਕ ਦੇ,
ਹੁਣ ਕਾਨੀ ਹੱਥ ਫੜਾ।

## ਸ਼ਕੁੰਤਲਾ

## (ਖਤ ਲਿਖਦੀ ਹੈ)

ਓ! ਨਿਰਦਈ ਇਕ ਵਾਰ ਤਾਂ,
ਆ ਕੇ ਤੂੰ ਸਾਨੂੰ ਦੇਖ ਜਾ।
ਇਸ਼ਕ ਮੇਰਾ ਮੂੰਹ ਜ਼ੋਰ ਹੁਣ,
ਜਾਂਦਾ ਨਹੀਂ ਸਾਥੋਂ ਸਾਂਭਿਆ।
ਮੈਂ ਤੜਫ਼ ਰਹੀ ਹਾਂ, ਜਿਸ ਤਰ੍ਹਾਂ,
ਮੱਛਲੀ ਵਿਛੁੰਨੀ ਨੀਰ ਤੋਂ।
ਜਿਸ ਤਰ੍ਹਾਂ ਕੋਈ ਕੂੰਜ ਵਿਛੜੀ,
ਡਾਰ' ਚੋ ਰਹੀ ਤੜਫੜਾ।
ਲੈ ਲੈ ਅੰਗੜਾਈਆਂ ਹਿੱਕ ਨੂੰ,
ਮੈਂ ਸੌ ਸੌ ਕੇੜੇ ਚਾੜ੍ਹ ਲਏ।
ਖਾ ਖਾ ਅੱਵਟਣ ਨਾੜ-ਨਾੜ,
ਮੇਰੀ ਦਾ ਸੀਨਾ ਪਾਟਿਆ।
ਇਸ ਇਸ਼ਕ ਦੀ ਜਲੂਣ ਨੇ,
ਨਸ ਨਸ' ਚ ਭਾਂਬੜ ਬਾਲ ਤੇ।
ਲਾ ਲਾ ਕੇ ਛੁਰੀਆਂ ਕਾਮ ਨੇ,
ਅੱਜ ਦਿਲ ਮੇਰਾ ਕੋਹ ਸੁਟਿਆ।
ਇਸ਼ਕ ਮੇਰਾ ਮੂੰਹ ਜ਼ੋਰ ਹੁਣ,
ਜਾਂਦਾ ਨਾ ਮੈਥੋਂ ਸਾਂਭਿਆ।
ਓ! ਨਿਰਦੇਈ ਇਕ ਵਾਰ ਤਾਂ,
ਆ ਕੇ ਤੂੰ ਸਾਨੂੰ ਦੇਖ ਜਾ।
ਓ! ਨਿਰਦੇਈ ਇਕ ਵਾਰ ਤਾਂ,
ਆ ਕੇ ਤੂੰ ਸਾਨੂੰ ਦੇਖ ਜਾ।
ਆ ਕੇ ਤੂੰ ਸਾਨੂੰ ਦੇਖ ਜਾ।
ਆ ਕੇ ਤੂੰ ਸਾਨੂੰ ਦੇਖ ਜਾ।

## 5. ਮਿਲਾਪ

ਓਧਰ ਹੁਣ ਡੇਰੇ ਦੇ ਵਿਚ।
ਲੱਗੇ ਨਾ ਰਾਜੇ ਦਾ ਚਿੱਤ।
ਐਸਾ ਕੋਈ ਗੇੜ ਰਚਾਈਏ।
ਫੇਰ ਮਿਲਣ ਦਾ ਢੰਗ ਬਣਾਈਏ।
ਬਿਨਾਂ ਕਾਰਣੋਂ ਜਾਣ ਨਾ ਸੋਹਵੇ।
ਜਾਏ ਬਿਨਾਂ ਨਾ ਚਿੱਤ ਖਲੋਵੇ।
ਸ਼ਿਸ਼ਟਾਚਾਰ ਕ਼ਹੇ ਇਉਂ ਨਾ ਜਾ।
ਇਸ਼ਕ ਕਹੇ ਹੁਣ ਦੇਰੀ ਨਾ ਲਾ।
ਲਾਜ ਕਹੇ ਭੰਨ ਨਾ ਮਰਿਆਦਾ।
ਇਸ਼ਕ ਕਹੇ ਤੂੰ ਬਦਲ ਇਰਾਦਾ।
ਇਉਂ ਉਧੇੜ ਬੁਣ ਦੇ ਵਿਚ ਰਹਿੰਦਾ।
ਲੱਗੀ ਤੋੜ ਉੱਠਦਾ ਬਹਿੰਦਾ।
ਇਕ ਢਾਵੇ ਤੇ ਇਕ ਬਣਾਵੇ।
ਇਉਂ ਸੋਚਾਂ ਵਿਚ ਫਸਦਾ ਜਾਵੇ।

ਆਇਆ ਲੰਘ ਇਕ ਦਰਬਾਰੀ।
ਨਮਸਕਾਰ ਕਰ ਅਰਜ਼ ਗੁਜ਼ਾਰੀ।
ਮਹਾਰਾਜ! ਦੋ ਰਿਸ਼ੀ ਕੁਮਾਰ।
ਆਏ ਤੁਹਾਡਾ ਕਰਨ ਦੀਦਾਰ।

ਜਿਉਂ ਪਿਆਸੇ ਨੂੰ ਨਦੀ ਥਿਆਈ।
ਡੁੱਬਦੇ ਨੂੰ ਬੇੜੀ ਮਿਲ ਪਾਈ।

ਸੜਦੇ ਖੇਤੀ ਪੈ ਗਈ ਭੂਰ।
ਚੇਹਰੇ ਉੱਪਰ ਆਇਆ ਨੂਰ।

ਆਉਣ ਦਿਓ ਆਗਿਆ ਇਹ ਦਿੱਤੀ।
ਕੋਈ ਹਿਜਕ ਝਿਜਕ ਨਾ ਕੀਤੀ।

ਆਏ ਕੁਮਾਰ ਕਰੀ ਪ੍ਰਣਾਮ।
ਦੱਸਣ ਲੱਗੇ ਹਾਲ ਤਮਾਮ।
ਰਾਖਸ਼ ਜੱਗ' ਚ ਬਿਘਨ ਨੇ ਪਾਉਂਦੇ।
ਨਾਲੇ ਤਪੀਆਂ ਤਾਈਂ ਸਤਾਉਂਦੇ।
ਨਾਲੇ ਕਰਨ ਅਸਾਂ ਨੂੰ ਤੰਗ।
ਪਾਪੀ ਕਰਨ ਬਿਰਤੀਆਂ ਭੰਗ।
ਆਪ ਕਣਵ ਜੀ ਗਏ ਨੇ ਬਾਹਰ।
ਸਾਡਾ ਜੀਣਾ ਹੋਇਆ ਦੁੱਭਰ।
ਸਾਨੂੰ ਤਪੀਆਂ ਘੱਲਿਆ ਖ਼ਾਸ।
ਦੇ ਕੇ ਹੱਥੀਂ ਇਹ ਅਰਦਾਸ।
ਸਾਡਾ ਜੱਗ ਪੂਰਾ ਕਰਵਾਓ।
ਦੈਂਤਾਂ ਤਾਈਂ ਮਾਰ ਭਜਾਓ।
ਔਖੇ ਵੇਲੇ ਕਰੋ ਸਹਾਇਤਾ।
ਇਸ ਲਈ ਯਾਦ ਤੁਸਾਂ ਨੂੰ ਕੀਤਾ।

ਮਿਲੇ ਪਦਾਰਥ ਜਿਉਂ ਭੁੱਖੇ ਨੂੰ।
ਅੰਮ੍ਰਿਤ ਬੂੰਦ ਪਈ ਮੁਰਦੇ ਮੂੰਹ।
ਚਾਤ੍ਰਿਕ ਡਿੱਗੀ ਬੂੰਦ ਸੁਆਂਤਿ।
ਹੋਇਆ ਮਨ ਰਾਜੇ ਦਾ ਸ਼ਾਂਤ।
ਚੜ੍ਹਦੀ ਜ਼ਹਿਰ ਲੱਗਿਆ ਥੇਵਾ।
ਧੰਨ ਭਾਗ ਜੇ ਮਿਲੀ ਇਹ ਸੇਵਾ।

ਚਲੋ ਕੁਮਾਰੋ ਦੇਰ ਨਾ ਲਾਵੋ।
ਆਏ ਅਸੀਂ ਵੀ ਤੁਸੀਂ ਵੀ ਜਾਵੋ।

ਆਸ਼ਰਮ ਵਿਚ ਸੂਰਾ ਕੁਲਵੰਤ।
ਚੱਲ ਆਇਆ ਰਾਜਾ ਦੁਸ਼ਿਅੰਤ।
ਤੇਜਸਵੀ ਦੁਸ਼ਿਅੰਤ ਦਾ ਨਾਮ।
ਸੁਣ ਰਾਖ਼ਸ਼ ਭੱਜ ਗਏ ਤਮਾਮ।

ਪੂਰਾ ਹੋਣ' ਚ ਹਾਲੇ ਜੱਗ।
ਕਈ ਦਿਵਸ ਜਾਣੇ ਨੇ ਲੱਗ।
ਆਸ਼ਰਮ ਦੇ ਵਿਚ ਕਰੋ ਮੁਕਾਮ।
ਕੁਝ ਦਿਨ ਏਥੇ ਕਰੋ ਆਰਾਮ।
ਆਖਿਆ ਤਪੀਆਂ ਰਾਜੇ ਤਾਈਂ।
ਰਾਜਾ ਮੰਨਿਆ ਚਾਈਂ-ਚਾਈਂ।

ਨਫਰਾਂ ਤੰਬੂ ਆਣ ਸਜਾਏ।
ਆਸ਼ਰਮ ਦੇ ਵਿਚ ਡੇਰੇ ਲਾਏ।
ਲੱਗਾ ਹੋਣ ਹਵਨ ਦਾ ਜਾਪ।
ਏਧਰ ਵਧਦਾ ਜਾਏ ਮਿਲਾਪ।
ਓਧਰ ਜੱਗ ਦੀ ਚੱਲੇ ਰੀਤੀ।
ਏਧਰ ਵੱਧਦੀ ਜਾਏ ਪ੍ਰੀਤੀ।
ਓਧਰ ਹਵਨ'ਚ ਪਵੇ ਅਹੂਤੀ।
ਏਧਰ ਇਸ਼ਕ ਨੂੰ ਲੱਗੇ ਲੂਤੀ।
ਓਧਰ ਕੇਸਰ ਕੁਸਮ ਸਗੰਧੀ।
ਏਧਰ ਮਹਿਕ ਇਸ਼ਕ ਨੇ ਵੰਡੀ।
ਧੂਫ ਸਮੱਗਰੀ ਹੋਏ ਤਿਆਰ।
ਏਧਰ ਗੂੜ੍ਹਾ ਹੋਏ ਪਿਆਰ।
ਓਧਰ ਹਵਨ ਚੋ ਨਿਕਲਣ ਲਾਟਾਂ।
ਏਧਰ ਪਿਆਰ ਮੁਕਾਵੇਂ ਵਾਟਾ।
ਓਧਰ ਰਾਖ਼ਸ਼ ਭੱਜ-ਭੱਜ ਜਾਵਣ।
ਏਧਰ ਨੇੜ-ਨੇੜ ਦਿਲ ਆਵਣ।
ਓਧਰ ਓਮ-ਓਮ ਦਾ ਜਾਪ।
ਏਧਰ ਇਸ਼ਕ ਚੜ੍ਹਾਇਆ ਤਾਪ।
ਓਧਰ ਪਰਮ ਪੁਰਖ ਦੀ ਬਾਣੀ।
ਏਧਰ ਚੱਲੇ ਇਸ਼ਕ ਕਹਾਣੀ।
ਓਧਰ ਰਾਮ ਨਾਮ ਰੰਗ ਚੜ੍ਹਿਆ।
ਏਧਰ ਨਾਗ ਇਸ਼ਕ ਦਾ ਲੜਿਆ।

ਓਧਰ ਮਸਤੀ ਹਰੀ ਨਾਮ ਦੀ।
ਏਧਰ ਲਹਿੰਦੀ ਭੁੱਖ ਕਾਮ ਦੀ।
ਓਧਰ ਰੂਹ ਤੇ ਰੱਬ ਦਾ ਮੇਲ।
ਏਧਰ ਕਾਮ-ਕ੍ਰੀੜਾ ਖੇਲ੍ਹ।
ਓਧਰ ਸੰਖ ਟੱਲੀਆਂ ਛੈਣੇ।
ਏਧਰ ਹੁਸਨ ਇਸ਼ਕ ਦੇ ਠੈਣੇ।
ਓਧਰ ਖੜਤਾਲਾਂ ਦਾ ਸ਼ੋਰ।
ਏਧਰ ਤਾਪ ਇਸ਼ਕ ਦਾ ਜ਼ੋਰ।
ਓਧਰ ਸੁਰਤੀ ਦਸਵੇਂ ਚੜ੍ਹਦੀ।
ਏਧਰ ਪੀਂਘ ਪਿਆਰ ਚੜ੍ਹਦੀ।
ਓਧਰ ਪੁੱਜੀ ਆਸ ਜਨਾਂ ਦੀ।
ਏਧਰ ਮੁੱਕੀ ਵਿੱਥ ਦਿਲਾਂ ਦੀ।
ਓਧਰ ਨੱਸ ਗਏ ਰਾਖ਼ਸ਼ ਡਰਦੇ।
ਏਧਰ ਇਸ਼ਕ ਦੇ ਕੱਸਤੇ ਨਮਦੇ।
ਓਧਰ ਹੋਇਆ ਜੱਗ ਸੰਪੂਰਨ।
ਏਧਰ ਪਿਆਰ ਹੋਇਆ ਪਰੀ ਪੂਰਨ।

ਦੁਸ਼ਿਅੰਤ ਅਤੇ ਸ਼ਕੁੰਤਲਾ ਦਾ।
ਹੋ ਚੁੱਕਾ ਸੀ ਪ੍ਰੇਮ-ਵਿਆਹ।
ਹੋਇਆ ਸੀ ਅੰਗਾਂ ਦਾ ਮੇਲ।
ਕਾਮ ਕ੍ਰੀੜਾ ਖੇਲੇ ਖੇਲ੍ਹ।
ਉਹ ਜੁਆਨ ਉਹ ਰੂਪਵਤੀ ਸੀ।
ਹੋ ਗਈ ਰਾਣੀ ਗਰਭਵਤੀ ਸੀ।

ਮੁੰਦਰੀ ਆਪਣੀ ਦੇ ਨਿਸ਼ਾਨੀ।
'ਛੇਤੀ ਮੁੜ ਆਵਾਂਗਾ ਰਾਣੀ'।
ਇਉਂ ਕਹਿ ਮਹਿਲੀਂ ਮੁੜਿਆ ਰਾਜਾ।
ਫੇਰ ਮਿਲਣ ਦਾ ਕਰਕੇ ਵਾਅਦਾ।

# 6. ਦੁਰਬਾਸਾ ਦਾ ਆਉਣਾ

(ਦੁਸ਼ਿਅੰਤ ਦੇ ਖ਼ਿਆਲਾਂ ਵਿਚ ਗ਼ਲਤਾਨ ਇੱਕਲੀ ਬੈਠੀ ਸ਼ਕੁੰਤਲਾ ਮਨ ਹੀ ਮਨ ਇਕ ਉਦਾਸ ਜਿਹਾ ਗੀਤ ਗਾ ਰਹੀ ਹੈ।)

ਸੁਣੋਂ ਨੀ ਮਛਲੀਓ ਮੇਰੀ ਕਹਾਣੀ,
ਤੁਸੀਂ ਤੜਫੋਂ ਭਲਾ ਬਿਨ ਪਾਣੀ।
ਸਾਡੀ ਵੀ ਅਹੁਰ ਦਾ ਇਲਾਜ਼ ਦੱਸੋ ਨੀ,
ਸਾਨੂੰ ਅੱਗ ਲੱਗ ਗਈ ਏ ਵਿਚ ਪਾਣੀ।

ਸੁਣੋਂ ਨੀ ਮਛਲੀਓ ..............................

ਮੇਰਾ ਪੱਲੂ ਨਾ ਫੜ ਕੇ ਹਿਲਾ ਤੂੰ,
ਮੈਨੂੰ ਬੈਠੀ ਨੂੰ ਨਾ ਸਤਾ ਤੂੰ।
ਦੁੱਖ ਪੁੱਛਣਾ ਨਹੀਂ ਜੇ ਮੇਰਾ,
ਮੈਨੂੰ ਛੂਹ ਕੇ ਵੀ ਨ ਲੰਘ ਐ ਹਵਾ ਤੂੰ।
ਚੰਗੀ ਲੱਗਦੀ ਨਾ ਤੇਰੀ ਰਵਾਨੀ,
ਰੋਕ ਚੰਚਲ ਇਹ ਚਾਲ ਤੂਫ਼ਾਨੀ।

ਸੁਣੋਂ ਨੀ ਮਛਲੀਓ ..............................

ਕਲੀਓ ਨਾ ਖਿਲੋ ਕੋਲ ਮੇਰੇ,
ਤੁਹਾਡੇ ਖਿਲਨ ਲਈ ਚਮਨ ਬਥੇਰੇ।
ਏਥੇ ਤੁਸਾਂ ਦੇ ਖਿਲਣੇ ਲਈ ਕੋਈ ਥਾਂ ਨਹੀਂ,
ਥਾਂ-ਥਾਂ ਖਿਲਰੇ ਪਏ ਦੁੱਖ ਮੇਰੇ।
ਵਿਚੇ ਰੁਲਜੇਗੀ ਥੋਡੀ ਜਵਾਨੀ,
ਐਵੇਂ ਗਾਲੋ ਨਾ ਇਹ ਜਿੰਦਗਾਨੀ।

ਸੁਣੋਂ ਨੀ ਮਛਲੀਓ ..............................

ਗਾਵੋ ਹੂਕ ਕੇ ਨਾ ਕੋਇਲ ਨਿਮਾਣੀਓ।
ਕੱਢੋ ਤਰੱਕਲੇ ਨਾ ਵੇਲੋਂ ਡੁੱਬ ਜਾਣੀਓ।
ਸੜ ਜਾਓਗੀਆਂ ਹਿਜ਼ਰਾਂ ਦੀ ਅੱਗ ਵਿਚ।
ਦੇਖਿਓ ਹੋਇਓ ਨਾ ਜਵਾਨ ਜੱਗੋਂ ਜਾਣੀਓ।
ਮੈਂ ਕੀ ਖੱਟਿਆ ਹੈ ਚੜ੍ਹ ਕੇ ਜਵਾਨੀ।
ਇਹ ਤਾਂ ਲੱਭਣੀ ਨਾ ਉਮਰ ਨਦਾਨੀ।

ਸੁਣੋਂ ਨੀ ਮਛਲੀਓ ............................

ਕੋਲ ਮੇਰੇ ਬਲੋ ਚਰਾਗੋ।
ਏਥੇ ਹਿਜ਼ਰਾਂ ਦੀ ਅੱਗ ਬਲ ਰਹੀ ਏ।
ਕਾਹਤੋਂ ਸ਼ੰਮ੍ਹਾਂ ਜਲੇ ਤੂੰ ਬੇਫਾਇਦਾ।
ਏਥੇ ਮੇਰੀ ਜਵਾਨੀ ਜਲ ਰਹੀ ਏ।
ਮੱਚੋ ਭੌਰੋ ਨਾ ਮੇਰੇ ਮਕਾਨੀ।
ਸੜ ਕੇ ਹੁੰਦੀ ਨਾ ਦੂਰ ਹੈਰਾਨੀ।

ਸੁਣੋ ਨੀ ਮਛਲੀਓ ............................

ਇਉਂ ਉਹ ਡੁੱਬੀ ਵਿਚ ਖਿਆਲੀਂ।
ਬੈਠ ਰਹੀ ਸੀ ਜੋਬਨ ਬਾਲੀ।
ਲੱਗੀ ਕਿਸਮਤ ਪਲਟਨ ਪਾਸਾ।
ਆਇਆ ਚੱਲ ਰਿਖੀ ਦੁਰਬਾਸਾ।
ਉਸ ਨੇ ਆ ਕੇ ਅਲਖ ਜਗਾਈ।
ਬੇਧਿਆਨੀ ਨੇ ਨਾ ਸੁਣ ਪਾਈ।
ਹੋਇਆ ਰਿਖੀ ਗੁੱਸੇ ਵਿਚ ਲਾਲ।
" ਕਰੇਂ ਮਖੌਲ ਅਸਾਡੇ ਨਾਲ"।
ਮੈਥੋਂ ਧਰਤ ਡਰੇ ਅਸਮਾਨ।
ਕੀਤਾ ਤੂੰ ਮੇਰਾ ਅਪਮਾਨ।
ਗਰਜ ਬੋਲਿਆ ਰਿਖੀ ਕ੍ਰੋਧੀ।
ਜਿਸ ਲਈ ਤੂੰ ਭੁੱਲ ਬੈਠੀ ਸੋਝੀ।
ਜਿਸ ਦੇ ਖ਼ਿਆਲੀਂ ਤੂੰ ਗ਼ਲਤਾਨ।
ਕੀਤਾ ਸਾਡਾ ਨਹੀਂ ਧਿਆਨ।
ਜਾਹ ਤੈਨੂੰ ਉਹ ਭੁੱਲ ਜਾਵੇਗਾ।
ਕੋਲ ਨਾ ਤੇਰੇ ਚੱਲ ਆਵੇਗਾ।

ਭੁੱਲ ਜਾਵੇਗਾ ਤੈਨੂੰ ਪਿਆਰਾ।
ਕਰ ਲੈ ਜੋ ਕਰਨਾ ਹੈ ਚਾਰਾ।
ਜੇ ਉਸ ਦੇ ਦਰ ਤੇ ਜਾਵੇਂਗੀ।
ਠੋਕਰ ਖਾ ਕੇ ਮੁੜ ਆਵੇਂਗੀ।
ਧੁਰ ਦੀ ਬਾਣੀ ਅਸੀਂ ਉਚਾਰੀ।
ਵਣ-ਵਣ ਭਟਕੇਂਗੀ ਦੁੱਖ ਮਾਰੀ।

ਪ੍ਰੇਮਵਿਦਾ ਤੇ ਅਨਸੂਆ ਵੀ।
ਘੁੰਮ ਰਹੀਆਂ ਸਨ ਕਿਤੇ ਨੇੜ ਹੀ।
ਸੁਣਿਆ ਉਨ੍ਹਾਂ ਸਾਰਾ ਹਾਲ।
ਕੰਬ ਉੱਠੀਆਂ ਉਹ ਡਰ ਨਾਲ।
ਪਿਆ ਰਿਖੀ ਵੀ ਉਥੋਂ ਚੱਲ।
ਦੌੜੀ ਪ੍ਰੇਮਵਿਦਾ ਉਸ ਵੱਲ।
ਡਿੱਗ ਪਈ ਚਰਨਾਂ ਦੇ ਉੱਤੇ।
ਉਸ ਨੂੰ ਦੇਖ ਰਿਖੀ ਜੀ ਰੁਕੇ।
ਜਿਊਦੀ ਰਹਿ ਤੇ ਜੀਏ ਸੁਹਾਗ।
ਦੱਸ ਤੇਰੀ ਹੈ ਕੀ ਮੁਰਾਦ।

## ਪ੍ਰੇਮਵਿਦਾ

ਮਹਾਰਾਜ! ਜੋ ਦਿੱਤਾ ਸਰਾਪ।
ਕਿਰਪਾ ਕਰੋ ਮੋੜ ਲੋ ਆਪ।

## ਰਿਖੀ

ਸਰਾਪ ਅਸਾਡਾ ਕਦੇ ਨਾ ਮੁੜਿਆ।
ਸ਼ੀਸ਼ਾ ਟੁੱਟ ਫੇਰ ਨਾ ਜੁੜਿਆ।
ਡਿੱਗੇ ਪੱਤ ਨਾ ਲੱਗਣ ਰੁੱਖ।
ਨਿਕਲੀ ਬਾਤ ਪਵੇ ਨਾ ਮੁੱਖ।
ਸੂਰਜ ਚੜ੍ਹੇ ਪੂਰਬੋਂ ਪੱਛਮ।
ਚੱਲ ਹਿਮਾਲਾ ਜਾਵੇ ਦੱਖਣ।
ਹੁਣ ਤਾਂ ਉਲਝ ਗਈ ਹੈ ਤਾਣੀ।
ਪੱਤਣੋਂ ਲੰਘ ਨਾ ਮੁੜਿਆ ਪਾਣੀ।

## ਪ੍ਰੇਮਵਿਦਾ

ਮਹਾਰਾਜ ਕੁਝ ਰਹਿਮ ਕਰੋ ਜੀ।
ਮੰਦਭਾਗਣ ਦੀ ਪੀੜ ਹਰੋ ਜੀ।
ਮਾਂ ਮਛੋਹਰ ਮੇਨਿਕਾ ਜਾਈ।
ਕਣਵ ਰਿਖੀ ਨੇ ਧੀ ਅਪਨਾਈ।
ਪੁਰਵੰਸ਼ੀ ਦੁਸ਼ਿਅੰਤ ਤੇ ਨਾਲ।
ਪਿਆ ਅਚਾਨਕ ਇਸ ਦਾ ਪਿਆਰ।
ਉਸ ਦੇ ਖ਼ਿਆਲੀਂ ਹੈ ਗ਼ਲਤਾਨ।
ਤੁਸਾਂ ਵੱਲ ਨਾ ਕੀਤਾ ਧਿਆਨ।
ਰਹਿਮ ਕਰੋ ਕੁਝ ਰਹਿਮ ਕਰੋ ਜੀ।
ਇਸ ਪਾਪਣ ਦੇ ਪਾਪ ਹਰੋ ਜੀ।

## ਰਿਖੀ

ਸਰਾਪ ਅਸਾਡਾ ਸਕੇ ਨਾ ਟੱਲ।
ਪਰ ਜੇ ਹੈ ਅਜੇਹੀ ਗੱਲ।
ਮੁੰਦਰੀ ਦਿੱਤੀ ਦੇਖ ਨਿਸ਼ਾਨੀ।
ਆਵੇ ਉਸ ਨੂੰ ਯਾਦ ਕਹਾਣੀ।
ਇਉਂ ਕਹਿ ਪਏ ਰਿਖੀ ਜੀ ਚੱਲ।
ਮੁੜੀਆਂ ਸਖੀਆਂ ਆਸ਼ਰਮ ਵੱਲ।

ਦੋਨੋ ਸਖੀਆਂ ਕਰਨ ਵਿਚਾਰ।
ਕਿਵੇਂ ਸਖੀ ਨੂੰ ਦੱਸੀਏ ਸਾਰ।
ਕੀਕਣ ਗੱਲ ਸਰਾਪ ਦੀ ਦੱਸੀਏ।
ਦੱਸ ਦੇਈਏ ਜਾਂ ਗੁੱਝੀ ਰੱਖੀਏ।
ਸੋਚ ਵਿਚਾਰ ਕਰਨ ਤੇ ਠਾਣੀ।
ਆਪੇ ਆ ਜੂ ਰਾਸ ਕਹਾਣੀ।
ਮੁੰਦਰੀ ਉਸ ਦੇ ਕੋਲ ਨਿਸ਼ਾਨੀ।
ਸੁਲਝ ਜਾਏਗੀ ਉਲਝੀ ਤਾਣੀ।
ਇਉਂ ਕਹਿ ਗੱਲ ਤੇ ਪਾਈ ਮਿੱਟੀ।
ਦਿਲ ਦੀ ਗੱਲ ਦਿਲਾਂ ਵਿੱਚ ਰੱਖੀ।

# 7. ਸੱਤ ਮਹੀਨੇ

## (ਸੱਤ ਦਿਨ)

ਕਨਵ ਰਿਸ਼ੀ ਨੂੰ ਵਾਪਸ ਆਉਣ ਵਿਚ ਤਕਰੀਬਨ ਅੱਠ ਮਹੀਨੇ ਲੱਗ ਜਾਂਦੇ ਹਨ। ਸਰਾਪ ਵੱਸ ਦੁਸ਼ਿਅੰਤ ਸ਼ਕੁੰਤਲਾ ਦਾ ਖ਼ਿਆਲ ਭੁੱਲ ਜਾਂਦਾ ਹੈ। ਕਨਵ ਰਿਸ਼ੀ ਦੀ ਆਗਿਆ ਬਿਨਾਂ ਸ਼ਕੁੰਤਲਾ ਵੀ ਦੁਸ਼ਿਅੰਤ ਦੇ ਕੋਲ ਨਹੀਂ ਸੀ ਜਾ ਸਕਦੀ। ਇਸ ਦੌਰਾਨ ਦੇ ਸੱਤ ਮਹੀਨੇ ਅਤੇ ਸੱਤ ਦਿਨ ਬ੍ਰਿਹੋਂ ਕੁੱਠੀ ਸ਼ਕੁੰਤਲਾ ਦਾ ਹਾਲ।

## ਸੱਤ ਦਿਨ

**ਆਦਿਵਾਰ** ਪਈ ਸੋਚੇ ਬ੍ਰਿਹਣ।
ਆਦਿ ਇਸ਼ਕ ਦਾ ਹੋਇਆ ਮਾੜਾ,
ਪੈਂਦੀਆਂ ਪ੍ਰੀਤਾਂ ਪੈ ਗਿਆਂ ਪਾੜਾ।
ਕਿਸ ਨੂੰ ਹਾਲ ਸੁਣਾਵਾਂ ਦਿਲ ਦਾ,
ਨੇਹੁੰ ਨਾ ਲੱਗਦੇ ਜ਼ੋਰੀ।

ਇਸ਼ਕ ਲਪੇਟੀ ਝੂਮੇ ਨਾਗਣਿ,
ਤੂੰ ਤਾਂ ਪਰਬਤ ਲਾ ਲਿਆ ਡੇਰਾ,
ਕਾਮੀ ਹੋਇਆ ਚਾਰ-ਚੁਫੇਰਾ,
ਤੋਤਿਆਂ ਕੰਗੂਆਂ ਖਿਲੀ ਪਾਈ,
ਰੁਣ ਝੁਣ ਲਾਈ ਮੋਰੀਂ।

ਊਰੇ ਮੂਰੇ ਪਾਏ ਕਾਮਣਿ,
ਦਿਲ ਵਿਚ ਆਸ ਲਗਾਏ ਕਾਮਣਿ।
ਲੱਖਾਂ ਪੀਰ ਮਨਾਏ ਕਾਮਣਿ,
ਸੁੱਤੇ ਸਿਵੇ ਜਗਾਏ ਕਾਮਣਿ।
ਪੂਜ ਚੜ੍ਹਾਏ ਥੋਰੀਂ।

**ਸੋਮਵਾਰ** ਸੁਧ ਰਹੀ ਨਾ ਕਾਈ
ਬੈਠੀ ਇਉਂ ਕੰਧਾਂ ਨੂੰ ਲੀਕੇ,
ਜਿਉਂ ਕੋਈ ਸਬਰੀ[1], ਰਾਮ ਉਡੀਕੇ।
ਕੀ ਜਾਣੇ ਮਿਲਦਾ ਹੈ ਰਘੁਵਰ,
ਹੋਣ ਜੇ ਭਾਗ ਮਥੋਰੀ।

ਕਿਉਂਕਰ ਜੀਂਵੇ ਰਾਮ ਲੁਭਾਈ।
ਬੀਤ ਗਈ ਰੁੱਤ ਆਏ ਨਾ ਸਾਜਣ
ਰੈਣ ਵਿਹਾਵੇ ਕਿਵੇਂ ਡੋਹਾਗਣਿ।
ਬੱਦਲਾਂ ਚੰਨ ਕਲਾਵੇ ਘੱਤਿਆ,
ਜੀਵੇਂ ਕਿਵੇਂ ਚਕੋਰੀ।

ਹੱਸੇ ਮੈਨੂੰ ਦੇਖ ਲੁਕਾਈ।
ਇਸ਼ਕ ਸਮੁੰਦ ਰਾਹ ਨਾ ਜਾਣਾ,
ਨਾ ਕੋਈ ਬੇੜੀ ਪੂਰ ਮੁਹਾਣਾ।
ਹੁਣ ਤਾਂ ਹੱਥੋਂ ਛੁੱਟਦੀ ਜਾਂਦੀ,
ਸੀ ਜੋ ਆਸ ਡੰਗੋਰੀ।

**ਮੰਗਲਵਾਰ** ਮਸਤ ਮਤਵਾਰੀ।
ਕਿਉਂ ਜੀਵਾਂ ਬਿਨ ਸੰਗ ਬ੍ਰਿਹੋਂ ਦੇ।
ਰੁੱਖੀ ਰੁੱਤ ਬਿਨ ਰੰਗ ਬ੍ਰਿਹੋਂ ਦੇ।
ਸੌ ਮਾਵਾਂ ਦੀ ਗੋਦ ਬਰਾਬਰ,
ਬ੍ਰਿਹੋ ਦੀ ਇਕ ਲੋਰੀ।

ਕੱਲਰਾਂ ਧੋਤੀ ਧਰਤ ਵਿਚਾਰੀ,
ਹਿੱਕ ਮੇਰੀ ਵਿਚ ਕਿੰਨੇ ਦੁੱਖੜੇ,

---

1. ਸਬਰੀ : ਭੀਲਣੀ।

ਸੱਤ ਸਮੁੰਦਰਾਂ ਜਿੰਨੇ ਦੁੱਖੜੇ।
ਬ੍ਰਿਹੋਂ ਬੜਵਾ[1] ਦਿਲ ਚੋਂ ਪੀਵੇ,
ਭਰ ਭਰ ਰੱਤ ਕਟੋਰੀ।

ਕਿਸ ਨੂੰ ਹਾਲ ਕਹਾਂ ਦੁਖਿਆਰੀ,
ਕੌਣ ਸੁਣੇ ਜਦ ਤੂੰ ਨਾਂ ਸੁਣਿਆ।
ਮੈਂ ਤਾਂ ਪੱਤਾ ਪੱਤਾ ਪੁਣਿਆ,
ਜੱਗ ਤੋਂ ਕਿਵੇਂ ਲੁਕਾਵਾਂ ਸਜੱਣਾਂ,
ਐਡੀ ਵੱਡੀ ਚੋਰੀ।

**ਬੁੱਧਵਾਰ** ਹੁਣ ਵਿਸਰ ਗਈ ਸੁੱਧ
ਜਿਸਨੂੰ ਹਾਲ ਕਹਾਂ ਪਰਦੇਸਣ
ਕੌਣ ਸੁਣੇ ਦੁੱਖ ਇੱਕ ਪ੍ਰੀਤਮ ਬਿਨ
ਪਰਦੇਸੀ ਸੰਗ ਪ੍ਰੀਤਾਂ ਪਾਕੇ
ਹੁਣ ਪਛਤਾਏ ਗੋਰੀ।

ਕੰਮ ਇਸ਼ਕ ਦਾ ਹੋਇਆ ਨਾ ਸੁਧ।
ਦੁੱਖ ਦੇ ਪਰਬਤ ਚੜ੍ਹਦੀ ਜਾਵਾਂ,
ਫ਼ਿਕਰ ਦੇ ਸਾਗਰ ਲਹਿੰਦੀ ਜਾਵਾਂ।
ਸੋਚਾਂ ਦੇ ਵਹਿਣਾਂ ਵਿਚ ਵਹਿੰਦੀ,
ਜਾਵਾਂ ਮੱਲੋਂ ਜੋਰੀਂ।

ਗਲ ਫਾਹੀ ਪਾਈ ਮੈਂ ਸਿਰ ਖੁਦ
ਕਿਸ ਸਿਰ ਦੋਸ਼ ਧਰਾਂ ਦੁਖਿਆਰੀ,
ਬਿਨ ਸੋਚੇ ਸਮਝੇ ਮੈਂ ਹਾਰੀ।
ਆਪੇ ਗੱਲ ਵਿਗਾੜੀ ਮੈਂ ਜੋ,
ਬਿਨਾਂ ਵਿਚੋਲੇ ਤੋਰੀ।

**ਗੁਰੂਵਾਰ** ਗੁਰ ਕੋਈ ਨਾ ਮਿਲਿਆ।
ਜੇ ਗੁਰ ਗੱਲ ਸਮਝਾਈ ਹੁੰਦੀ,

1. ਬੜਵਾ-'ਬੜਵਾ ਅਗਨੀ' ਜੋ ਇਕ ਮਿਥਿਹਾਸਕ ਥਾਂ ਹੈ ਜਿਸ ਵਿਚ ਸਮੁੰਦਰ ਵਿਚ ਪੈਣ ਵਾਲੀਆਂ ਸਾਰੀਆਂ ਨਦੀਆਂ ਦਾ ਪਾਣੀ ਸਮਾਈ ਜਾਂਦਾ ਹੈ।

ਬਿਨ ਸੋਚੇ ਨਾ ਲਾਈ ਹੁੰਦੀ।
ਹੁੰਦੀ ਨਾ ਰੁਸਵਾਈ ਜੇ ਪਹਿਲਾਂ,
ਕਰ ਲੈਂਦੀ ਗੱਲ ਕੋਰੀ।

ਮਨ ਵਿਚ ਊਧਾ ਕਮਲ ਨਾ ਖਿਲਿਆ।
ਬ੍ਰਿਹੋ ਦੀ ਰੁੱਤ ਕਿਵੇਂ ਬਿਤਾਵਾਂ,
ਕਿਤੁ ਬਿਧਿ ਸੰਗ ਪੀਆ ਦਾ ਪਾਵਾਂ।
ਉਹ ਉੱਚਾ ਅਤਿ ਪਰਬਤ ਭਾਰਾ,
ਮੈਂ ਰਸਤੇ ਦੀ ਰੋੜੀ।

ਬਿੱਪਤ ਪਈ ਸੰਗ ਕੋਈ ਨਾ ਚੱਲਿਆ,
ਬੈਠੀ ਨੀਮ ਬ੍ਰਿਹੜੇ ਗਾਵਾਂ,
ਰੁੱਸੇ ਰਾਂਝਣ ਤਾਵੀਂ ਮਨਾਵਾਂ।
ਪਰ ਸੁਰ ਤਾਲ ਦੀ ਸਾਰ ਨ ਜਾਣਾ,
(ਮੈਂ) ਬੇਸੁਰ ਬਾਂਸ ਬੰਸੋਰੀ।

**ਸ਼ੁਕਰਵਾਰ** ਸ਼ੁਕਰ ਹੁਣ ਕਾਹਦਾ।
ਮਨ ਸੰਗ ਬੈਠ ਬੁਝਾਰਤ ਪਾਵਾਂ,
ਇਕ ਖੋਲ੍ਹਾਂ ਤੇ ਸੌ ਗੰਢ ਪਾਵਾਂ।
ਕਿਸਨੂੰ ਹਾਲ ਸੁਣਾਵਾਂ ਦਿਲ ਦਾ,
ਦੁਨੀਆਂ ਦਰਦੋਂ ਕੋਰੀ।

ਸਿਰਫ਼ ਆਸ਼ਰਾ ਇਕ ਖ਼ੁਦਾ ਦਾ।
ਰੁੱਕ ਜਾ ਨਦੀਏ ਵਹਿਣਾਂ ਨੂੰ ਠੱਲ,
ਇਕੋ ਸੇਧ ਪੀਆਂ ਦੀ ਤੂੰ ਚੱਲ।
ਰਾਹ ਵੱਸਲ ਦੇ ਲੈ ਚੱਲ ਮੈਨੂੰ,
ਐਵੇਂ ਨਾ ਫਿਰ ਤੋਰੀ।

ਹਾਸਾ ਹੁੰਦਾ ਏ ਰਾਹ ਰਾਹ ਦਾ।
ਜ਼ੁਲਮ ਵੀ ਮੈਂ ਤਾਂ ਹੱਸ ਹੱਸ ਜਰਿਆ,
ਪਰ ਹੁਣ ਸਬਰ ਨਾ ਜਾਵੇ ਕਰਿਆ।
ਕਿਹੜੀ ਘੜੀ ਕਸੂਤੀ ਨੀ ਮੈਂ,
ਗੱਲ ਇਸ਼ਕ ਦੀ ਤੋਰੀ।

ਸ਼ਨੀਵਾਰ ਛਣ ਚੱਲੀ ਦੇਹੀ।

ਛਿੱਣ ਛਿੱਣ ਕਰਕੇ ਬੀਤ ਗਈ ਰੁੱਤ,
ਸ਼ਰਮੋਂ ਸ਼ਰਮੀ ਪ੍ਰੀਤ ਰਹੀ ਚੁੱਪ,
ਚੀਚ ਵਹੁਟੀਆਂ ਵਾਂਗੂੰ ਯਾਦਾਂ,
ਬੈਠ ਰਹੀਆਂ ਸਿਰ ਜੋੜੀ।

ਆਈ ਹਨੇਰੀ ਦੁੱਖ ਦੀ ਕੋਹੀ।

ਸਾੜ੍ਹਸਤੀ ਦਾ ਪਹਿਲਾ ਢਈਆ,
ਲੋਹੇ ਦੇ ਪਾਵੇ ਆ ਪਈਆਂ।
ਅੱਠਵੇਂ ਘਰ ਵਿਚ ਪਾਪੀ ਗ੍ਰਹਿ ਕੋਈ,
ਬੈਠਾ ਬਣ ਕੇ ਘੋਰੀ।

ਬੈਠੀ ਮੈਂ ਬਣ ਜਨਕ ਬਿਦੇਹੀ,

ਵਿਸਰ ਗਿਆ ਹੈ ਪੀਣਾ ਖਾਣਾ।
ਸ਼ਬਦਿ ਸੁਰਤਿ ਦੀ ਸਾਰ ਨਾ ਜਾਣਾ।
ਕਿਸ ਬਿਧ ਮਿਲਾਂ ਪਿਆਰੇ ਨੂੰ ਮੈਂ,
ਰੂਪ ਰੰਗ ਬਿਨ ਕੋਰੀ।

ਨੋਟ- ਸੱਤ ਮਹੀਨੇ ਅਤੇ ਸੱਤ ਦਿਨ ਦਾ ਇਹ ਹਾਲ ਨਿਰੋਲ ਇਕ ਕਾਵਿਕ ਕਲਪਣਾ ਹੈ ਅਤੇ ਕਾਲੀਦਾਸ ਦੀ ਕਹਾਣੀ ਤੋਂ ਇਕ ਭਿੰਨ ਭਾਗ ਹੈ।

## ਵਿਸਾਖ

ਵਿੱਖ ਵਿਸਾਖ ਦਿੱਸੇ ਬਿਨ ਤੇਰੇ,
ਝਾਕਾਂ ਪਾਸੇ ਜਿਹੜੇ ਵੇ,
ਬ੍ਰਿਹੋਂ ਪੱਟ ਹੰਢਾਵਾਂ ਤਨ ਤੇ,
ਖਾਵਾਂ ਪੀਵਾਂ ਜ਼ਹਿਰ ਕੁੜੇ।

ਉਮਰ ਨਿਆਣੀ ਰੋਗ ਅਵੱਲਾ,
ਵਸੇ ਤਬੀਬ ਦੁਰੇਡੇ ਨੀ।
ਕਿਸ ਬਿਧ ਪੰਧ ਮੁਕਾਵਾਂ ਮਹਿੰਦੀ,
ਲਾਜ ਲਗਾਈ ਪੈਰ ਕੁੜੇ।

---

1. ਜਨਕ ਬਿਦੇਹੀ- ਰਾਜੇ ਜਨਕ ਨੂੰ ਬਿਦੇਹੀ (ਜਿਸ ਨੂੰ ਆਪਣੇ ਸਰੀਰੀ ਦੀ ਵੀ ਸੁਧ ਨਾ ਹੋਵੇ) ਕਰਕੇ ਜਾਣਿਆ ਜਾਂਦਾ ਹੈ।

ਮਹਿਫਲ ਦੇ ਵਿਚ ਲੱਗਦਾ ਨਹੀਂ,
ਤੇ ਕੱਲਾ ਦਿਲ ਘਬਰਾਂਦਾਂ ਏ।
ਕੋਈ ਸਿਆਣਾ ਦੱਸੇ ਆ ਕੇ,
ਡੁੱਬਾਂ ਕਿਹੜੀ ਨਹਿਰ ਕੁੜੇ।

ਪਹਿਲਾ ਰੋਗ ਇਸ਼ਕ ਤੇਰੇ ਦਾ,
ਦੂਜਾ ਰੋਗ ਜੁਦਾਈ ਦਾ।
ਹੁਸਨ ਇਸ਼ਕ ਦੀ ਚੱਲ ਉਪਰੋਂ,
ਆਈ ਸਿਖਰ ਦੁਪਹਿਰ ਕੁੜੇ।

ਦਰ ਦਰ ਠੇਡੇ ਖਾਂਦੀ ਫਿਰਦੀ,
ਹਾਣੀ ਬਿਨਾਂ ਜਵਾਨੀ ਨੀ।
ਜਿਉਂ ਕੋਈ ਜੰਗਮ ਦਰ ਦਰ ਜਾ ਕੇ,
ਮੰਗਦਾ ਫਿਰਦਾ ਖ਼ੈਰ ਕੁੜੇ।

ਟੁੱਟੀ ਦਾ ਕੀ ਲਾਜ ਬਨਾਈਏ,
ਲੱਗੀਆਂ ਦਾ ਭਰਵਾਸਾ ਕੀ।
ਕੰਢੇ ਲੱਗੇ ਤਾਂ ਹੀ ਜਾਣਾ,
ਅਜੇ ਤਾਂ ਬੇੜੀ ਲਹਿਰ ਕੁੜੇ।

ਵਸਦੀ ਵੇਖ ਵਿਸਾਖ ਅਸਾਂ ਨੂੰ,
ਸੜੇ ਸਰੀਕਾਂ ਸਾਰਾ ਨੀ।
ਦੇਖ ਜਵਾਨੀ ਮੇਰੀ ਸਾਰੀ,
ਦੁਨੀਆਂ ਪੈ ਗਈ ਵੈਰ ਕੁੜੇ।

## ਜੇਠ

ਜੇਠ ਸਾਡੇ ਦੀਆਂ ਦੂਰ ਬਲਾਈਂ,
ਬ੍ਰਿਹੋ ਨੇ ਐਸੀ ਅੱਗ ਲਾਈ।
ਇਸ਼ਕ ਸਾਡੇ ਦੀਆਂ ਢਿੱਡੀ ਪਈਆਂ,
ਸੜ ਸੁੱਕ ਗਈਆਂ ਦਲੀਲਾਂ ਨੇ।

ਰੁੱਖੀ ਰੁੱਤ ਲੋਆਂ ਦੀ ਆਈ,
ਲੋਆਂ ਸਾਡੀ ਰੱਤ ਸੁਕਾਈ,

1. ਪੀਲਾਂ— ਰੇਤਲੇ ਇਲਾਕੇ ਦੇ ਵਣ ਨਾਮੀ ਰੁੱਖ ਨੂੰ ਲੱਗਣ ਵਾਲੇ ਇਕ ਫਲ ਪੀਲੂ ਦਾ ਬਹੁਵਚਨ ਜੋ ਲੋਆਂ ਚੱਲਣ ਨਾਲ ਹੀ ਪੱਕਦਾ ਹੈ।

ਲੋਆਂ ਬਿਨਾਂ ਨਾ ਪੱਕੀਆਂ ਸਾਡੇ,
ਇਸ਼ਕ ਬਰੂਟੇ ਪੀਲਾਂ ਨੇ।
ਬ੍ਰਿਹੋਂ ਮੰਜੀ ਪੀੜ ਅਲਾਣੀਂ,
ਦੇਹ ਮੇਰੀ ਨੂੰ ਪੱਛੀ ਲਾਈ।
ਜਿਸਮ ਸਾਡੇ ਦੀ ਸ਼ਾਨ ਗੰਵਾਈ,
ਥਾਂ-ਥਾਂ ਉੱਭਰੇ ਨੀਲਾਂ ਨੇ।

ਮੰਦੇ ਸ਼ਗਨੀ ਪ੍ਰੀਤਾਂ ਲਾਈਆਂ,
ਉਸ ਦਿਨ ਖੁਸ਼ਕ ਨ੍ਹੇਰੀਆਂ ਆਈਆਂ।
ਆਂਗਣ ਸਾਡੇ ਖਿੱਲੀਆਂ ਪਾਈਆਂ,
ਉੱਲੂਆਂ ਚਮਗਿੱਦੜਾ ਚੀਲਾਂ ਨੇ।

ਤੂੰ ਤਾਂ ਪਰਬਤ ਲਾ ਲਏ ਡੇਰੇ,
ਮੈਨੂੰ ਨੋਚ ਲਿਆ ਗਮ ਤੇਰੇ।
ਇਸ਼ਕ ਸਾਡਾ ਠਿੱਠ ਕੀਤਾ ਇਹਨਾਂ,
ਜੇਠਾਂ ਛੜੇ ਜਲੀਲਾਂ ਨੇ।

ਕੋਇਲ ਮੋਰ ਬੈਰਾਗੇ ਤੱਕ ਇਸ,
ਮੇਰੀ ਘੋਰ ਜਵਾਨੀ ਨੂੰ।
ਹਿਜਰ ਮੇਰੇ ਵਿਚ ਸੜ ਮੁੱਕ ਗਈਆਂ,
ਲਹਿ ਲਹਿ ਕਰਦੀਆਂ ਝੀਲਾਂ ਨੇ।

ਤਿਲੀਅਰ ਤੋਤੇ ਆ ਆ ਪੁੱਛਦੇ,
ਜੰਗਲਾਂ ਚੋਂ ਦੁੱਖ ਮੇਰੇ ਨੂੰ।
ਬ੍ਰਿਹੋਂ ਦੀ ਗੱਲ ਛੇੜੀ ਮੇਰੇ,
ਕੋਲੇ ਬੈਠ ਅਬੀਲਾਂ ਨੇ।

## ਹਾੜ

ਕੰਜ ਕੁਅਰੀਆਂ ਸੱਭੇ ਅੰਬੀਆਂ,
ਚੜ੍ਹਦੇ ਹਾੜ ਹੀ ਗੱਭਣਾਂ ਹੋਈਆਂ।
ਹਿੱਕਾਂ ਉੱਤੇ ਉੱਭਰ ਆਈਆਂ,
ਸੱਧਰਾਂ ਦੀਆਂ ਗੰਡੋਰੀਆਂ।

---

1. **ਅਬੀਲਾਂ**— ਇਕ ਪੰਛੀ ਦਾ ਕਲਪਤ ਨਾਮ।

ਬ੍ਰਿਹੋਂ ਲਹਿਣੇਦਾਰ ਗਾਖੜਾ
ਲੈ ਕੇ ਆਪਣੇ ਵਹੀਆਂ ਖਾਤੇ।
ਚੜ੍ਹਦੇ ਹਾੜ ਹੀ ਪਾਈਆਂ ਸਾਡੇ,
ਆਂਗਣ ਦੇ ਵਿਚ ਫੇਰੀਆਂ।
ਭੁੱਖੀਆਂ ਡੈਣਾਂ ਵਾਂਗ ਓਸਨੇ,
ਨੋਚ ਲਈ ਰੱਤ ਆਸਾਂ ਦੀ।
ਡੀਕਾਂ ਲਾ ਕੇ ਪੀ ਗਿਆ ਜੋ,
ਬੁੱਝੇ ਸੀ ਚਾਰ ਦਲੇਰੀਆਂ।

ਅੰਗੜਾਈਆਂ ਲੈ ਮੈਂ ਤਾਂ ਤਨ ਨੂੰ,
ਲੱਖਾਂ ਕੇੜੇ ਚਾੜ੍ਹ ਲਏ।
ਖਿੰਗਰਾਂ ਵਾਂਗਰ ਖੁਸ਼ਕ ਹੋਗੀਆਂ,
ਨਰਮ ਕਲਾਈਆਂ ਮੇਰੀਆਂ।
ਕੋਇਲਾਂ ਘੁੱਗੀਆਂ ਹੰਝੂ ਡੋਲੇ,
ਦੇਖ ਕੇ ਦੁੱਖੜੇ ਮੇਰੇ ਨੂੰ।
ਗੀਤ ਬ੍ਰਿਹੋ ਦੇ ਛੇੜੇ ਸਾਡੇ,
ਆਂਗਣ ਬੈਠ ਗਲ੍ਹੇਰੀਆਂ।
ਚੱਕਵੀ ਅਤੇ ਚਕੋਰੀ ਆ ਕੇ,
ਦੱਸੇ ਦੁਖੜੇ ਪ੍ਰੀਤਾਂ ਦੇ
ਐਪਰ ਰਾਸ ਨਾ ਆਈਆਂ ਦਿੱਤੀਆਂ,
ਕੂੰਜਾਂ ਬਹੁਤ ਦਲੇਰੀਆਂ।

ਹਾੜ੍ਹਾ! ਹਾੜ੍ਹ ਲੁੱਟੀ ਦਿਨ ਦੀਵੀਂ,
ਕਿਸੇ ਨਾ ਸੁਣਿਆ ਦੁਖ-ਸੁਖ ਮੇਰਾ।
ਹਾਲ ਦੁਹਾਈਆਂ ਪਾਈਆਂ ਮੈਂ,
ਖੜ ਰਾਹਾਂ ਵਿਚ ਬਥੇਰੀਆਂ।

## ਸੌਣ

ਸੌਣ ਮਹੀਨੇ ਕੂ ਕੂ ਕਰਦੇ,
ਸੰਘ ਬੈਠ ਗਏ ਕੋਇਲਾਂ ਦੇ।
ਆਂਗਣ ਸਾਡੇ ਦੀ ਅੰਬੀ ਤੇ,
ਸੂਹੀਆਂ ਅੰਬੀਆਂ ਰਸੀਆਂ ਵੇ ਹੋ।

ਬ੍ਰਿਹੋਂ ਸਾਣ ਚੜ੍ਹਾਈਆਂ ਰੰਬੀਆਂ,
ਵਾਂਗ ਕਸਾਈਆਂ ਦਿਲ ਤੇ ਲਾਈਆਂ।
ਲਗਦੇ ਸਾਰ ਹੀ ਗਿੱਠ ਗਿੱਠ ਸਾਡੇ,
ਵਿਚ ਕਲੇਜੇ ਧਸੀਆਂ ਵੇ ਹੋ।

ਲੋਕਾਂ ਦੇ ਘਰ ਤੀਆਂ ਗਿੱਧੇ,
ਸਾਡੇ ਸੱਥਰ ਸਧਰਾਂ ਦਾ।
ਲੋਕਾਂ ਦੇ ਘਰ ਝੂਲੇ ਝੂਲਣ,
ਸਾਡੇ ਫਾਹੀਆਂ ਫਸੀਆਂ ਵੇ ਹੋ।
ਛੱਪੜ ਟੋਬੇ, ਲਹਿ ਲਹਿ ਕਰਦੇ,
ਸਾਡੇ ਸੁੱਕੇ ਨੈਣ ਕੁੜੇ।
ਥੱਲ ਥੱਲ ਕਰਦੀਆਂ ਸੂਹੀਆਂ ਗੱਲ੍ਹਾਂ,
ਵਿਚ ਜਬਾੜ੍ਹਾਂ ਧਸੀਆਂ ਵੇ ਹੋ।
ਵੱਤੀਆਂ ਬਣ ਕੇ ਲਹਿ ਗਈ ਮਹਿੰਦੀ,
ਰੋ ਰੋ ਖਿੰਡਿਆ ਕੱਜਲਾ ਨੀ।
ਸੁੰਨੀ ਸੇਜਾ ਦੇਖ ਕੇ ਮੇਰੇ,
ਪੈ ਪੈ ਜਾਵਣ ਗਸੀਆਂ ਵੇ ਹੋ।

ਇਸ਼ਕ ਤੇਰੇ 'ਚੋਂ ਦੱਸ ਕੀ ਖਟਿਆ,
ਹਾਸਾ ਦੇ ਕੇ ਰੋਣਾਂ ਵੱਟਿਆ।
ਲਾਹੇ ਦੀ ਗੱਲ ਮੁੱਕ ਗੀ ਜਦ ਤੋਂ,
ਪ੍ਰੀਤਾਂ ਮਨ ਵਿਚ ਵਸੀਆ ਵੇ ਹੋ।

ਚੌਥੇ ਸੌਣ ਖੋਚਰੀ ਦਿਲ ਦਾ,
ਦੇਖੇ ਟੇਢੀਂ ਨਜ਼ਰੀ ਨੀ।
ਕੁੜਤੀ ਮੇਰੀ ਦੀਆਂ ਪਲੋਈਆਂ,
ਢਾਕਾਂ ਕੋਲੋਂ ਕਸੀਆ ਵੇ ਹੋ।

## ਭਾਦੋਂ

ਭਾਦੋਂ ਭਰ ਜੋਬਨ ਭਰ ਆਈ,
ਅੱਖੀਆਂ ਲੱਗੀਆਂ ਜੋਰੀਂ ਨੀ।

ਭਰ ਭਰ ਡੁਲ੍ਹਦੇ ਨੈਣ ਨਿਮਾਣੇ,
ਕਿਉਂ ਮੈਂ ਲਾਇਆ ਹਿੱਤ ਨੀ ਭਾਦੋਂ।
ਭੁੱਲੜ ਪ੍ਰੀਤਮ ਪ੍ਰੀਤਾਂ ਪਾ ਕੇ,
ਜਾਂ ਬੈਠਾ ਭੁੱਲੜਾਂ ਦੇ ਵੇਹੜੇ।
ਭਰੀ ਪੀਤੀ ਬੈਠੀ ਦਾ ਮੇਰਾ,
ਲੱਗਦਾ ਨਹੀਂ ਹੁਣ ਚਿੱਤ ਨੀ ਭਾਦੋਂ।
ਇਸ਼ਕ ਧੁਨਖ਼ਵਾ ਹੋਇਆ ਮੈਨੂੰ,
ਮੁੜ-ਮੁੜ ਜਾਂਦੇ ਅੰਗ ਕੁੜੇ,
ਐਸੀ ਲਿਸ਼ਕ ਪਈ ਬ੍ਰਿਹੋਂ ਦੀ,
ਪਵੇ ਧੌਣ ਨੂੰ ਖਿੱਚ ਨੀ ਭਾਦੋਂ।

ਗਰਮੀ ਨੇ ਐਸੀ ਅੱਗ ਲਾਈ,
ਮੱਛਰਾਂ ਡੰਗ ਡੰਗ ਸੁਰਤ ਭੁਲਾਈ।
ਯਾਦ ਤੇਰੀ ਤੇ ਪਿੰਡੇ ਉੱਭਰੇ,
ਪੂਰ ਪੂਰਾਂ ਦੇ ਪਿੱਤ ਨੀ ਭਾਦੋਂ।

ਸੱਪਾਂ ਠੂਹਿਆਂ ਬਿੱਛੂਆਂ ਰਲ ਕੇ,
ਲੱਗਦੈ ਇਹ ਰੁੱਤ ਗਿਰਵੀ ਲੈ ਲਈ।
ਮੱਛਰ ਝੋਲੀ ਚੱਕ ਸ਼ਾਹਾਂ ਦਾ,
ਗੇੜੇ ਮਾਰੇ ਨਿੱਤ ਦੀ ਭਾਦੋਂ।

ਬਿਜਲੀ ਨੇ ਐਵੇਂ ਅੱਤ ਚਾਈ,
ਬੱਦਲਾਂ ਨੇ ਇਕ ਛਿੱਟ ਨਾ ਪਾਈ,
ਗਰਜ ਚਮਕ ਦੇ ਸ਼ੋਰ ਨੇ ਮੈਂ ਤਾਂ,
ਕਰਤੀ ਐਵੇਂ ਜਿੱਚ ਨੀ ਭਾਦੋਂ।

ਪੰਜਵੇਂ ਭਾਦੋਂ ਪੇਟ ਭਰਮ ਦਾ,
ਹੋਇਆ ਫੁੱਲ ਭੜੋਲਾ ਨੀ।
ਕਿਵੇਂ ਛੁਪਾਵਾਂ ਜੱਗ ਤੋਂ ਵੱਜਿਆ,
ਪ੍ਰੇਮ ਥਪੇੜਾ ਖਿੱਚ ਨੀ ਭਾਦੋਂ।

## ਅੱਸੂ

ਅੱਸੂ ਇਸ਼ਕ ਵੇਲ ਪੱਕ ਚੱਲੀ,

ਹੋਰ ਵਟੇਂਦੀ ਵੰਨ ਕੁੜੇ,
ਖੇਤਾਂ ਦੇ ਵਿਚ ਨੀਲੀਆਂ ਹੋਈਆਂ,
ਨਰਮ ਕਪਾਹ ਦੀਆਂ ਛਿਟੀਆਂ ਨੀ।
ਨੀਲਾ ਹੋਇਆ ਤਨ ਮਨ ਮੇਰਾ,
ਨੀਲੇ ਹੋ ਗਏ ਨੈਣ ਕੁੜੇ,
ਨੀਲੀਆਂ ਨਰਮ ਕਲਾਈਆਂ ਹੋਈਆਂ,
ਸਨ ਜੋ ਗੋਰੀਆਂ ਚਿੱਟੀਆਂ ਨੀ।
ਨਾਗਾਂ ਵਾਂਗ ਫੂੰਕਾਰੇ ਮਾਰਨ,
ਗ਼ਮ ਦੀਆਂ ਭਰੀਆਂ ਯਾਦਾਂ ਨੀ,
ਕੌੜੀਆਂ ਵੇਲਾਂ ਵਾਂਗ ਅਸਾਡੇ,
ਆਂਗਣ ਵਿਚ ਲਿਟੀਆਂ ਨੀ।

ਹਾੜੇ ਅਤੇ ਹੁਨਾਲੇ ਮਾਰੀ,
ਬ੍ਰਿਹੋਂ ਦੇ ਦੁੱਖਾਂ ਦੀ ਸਾੜੀ।
ਏਸ ਜਵਾਨੀ ਉੱਤੇ ਵੈਰੀ,
ਜੱਗ ਦੀਆਂ ਨੀਤਾਂ ਫਿਟੀਆਂ ਨੀ।
ਸੁਭਾ ਸ਼ਾਮ ਮੈਂ ਹੰਝੂ ਡੋਲ੍ਹਾਂ,
ਦਿਨੇ ਉਡਾਵਾਂ ਕਾਗ ਕੁੜੇ,
ਸਾਰੀ ਰਾਤ ਲੰਘਾਵਾਂ ਮੈਂ ਤਾਂ,
ਦੇਖ-ਦੇਖ ਕੇ ਗਿੱਟੀਆਂ ਨੀ।

ਛੇਵੇਂ ਅੱਸੂ ਅੱਖ ਤਿੱਣ ਹੋਈ,
ਮੈਂ ਤਾਂ ਭੈੜੇ ਲੋਕਾਂ ਦੇ,
ਹਿੱਕ ਦੇ ਜੋਸ਼ ਜਵਾਨੀ, ਸਿਉਣਾਂ,
ਅੰਗੀ ਦੀਆਂ ਕਸ਼ ਸਿੱਟੀਆਂ ਨੀ।

## ਕੱਤਕ

ਕੱਤਕ ਕਿਸ ਨੂੰ ਆਖ ਸੁਣਾਵਾਂ,
ਕੀ ਬੀਤੀ ਮੈਂ ਨਾਲ ਕੁੜੇ,
ਪ੍ਰੀਤਾਂ ਪਾ ਕੇ ਤੁਰ ਗਿਆ ਮਾਹੀ,
ਲਾ ਕੇ ਝੂਠੇ ਲਾਰੇ ਨੀ।

ਦਿਨੇ ਔਸੀਆਂ ਪਾਉਂਦੀ ਰਹਿੰਦੀ,
ਰਾਤੀਂ ਖ਼ਾਬ ਸਤਾਉਂਦੇ ਨੇ,
ਕੰਮੀ ਧੰਦੀਂ ਜੀਅ ਨਾ ਲੱਗੇ,
ਫਿਰੀਏ ਮਾਰੇ-ਮਾਰੇ ਨੀ।
ਥੇਹਾਂ ਦੀਆਂ ਖੋੜਾਂ ਵਿਚ ਬੈਠੇ,
ਪੰਛੀ ਜਿਉਂ ਠੱਕੇ ਦੇ ਮਾਰੇ,
ਹਿੱਕ ਮੇਰੀ ਵਿਚ ਬੈਠੇ ਸਹਿਮੇ,
ਇਉਂ ਅਰਮਾਨ ਵਿਚਾਰੇ ਨੀ।

ਕੱਤਕ ਮਾਖਿਉਂ ਸ਼ਹਿਦ ਪੱਕਿਆ,
ਖੇਤੀ ਫੁੱਟੇ ਬੀਜ ਕੁੜੇ,
ਬ੍ਰਿਹੋਂ ਮਾਰੇ ਸਿਰ ਨਾ ਚੁੱਕਣ,
ਸਾਡੇ ਚਾਅ ਕੁਆਰੇ ਨੀ।

ਆਖਾਂ ਦਿਲ ਨੂੰ ਦਿਆਂ ਦਿਲਾਸਾ,
ਸੱਜਣ ਸੋਹਣਾ ਆਵੇਗਾ,
ਅੱਕ ਆਖਿਆ ਦਿਲ ਨੇ ਮੈਨੂੰ,
ਰੱਖ ਸਾਂਭ ਕੇ ਲਾਰੇ ਨੀ।

ਸੱਤ ਪੜਦਿਆਂ ਦੇ ਵਿਚ ਰਹਿੰਦੀ,
ਮੈਂ ਹੋ ਗਈ ਬਦਨਾਮ ਕੁੜੇ,
ਨਿੱਤ ਆਥਣੇ ਰੌਲਾ ਪਾਵੇ,
ਚੜ੍ਹ ਕੇ ਇਸ਼ਕ ਚੁਬਾਰੇ ਨੀ।

ਕੱਤਕ ਜੀਅ ਨਾ ਲੱਗੇ ਮੇਰਾ,
ਪੇਕੀਂ ਤ੍ਰਿੰਜਣੀ ਬੈਠੀ ਦਾ,
'ਭੱਠ ਖੇੜਿਆਂ ਦਾ ਰਹਿਣਾ', ਚੱਲ ਹੁਣ
ਵੱਸੀਏ ਤਖ਼ਤ ਹਜ਼ਾਰੇ ਨੀ।

## 8. ਕਣਵ ਦਾ ਆਉਣਾ

ਕਣਵ ਰਿਸ਼ੀ ਜਾਂ ਆਇਆ ਚੱਲ।
ਦੱਸੀ ਤੱਪੀਆਂ ਸਾਰੀ ਗੱਲ।
ਇਕ ਦਿਨ ਆਸ਼ਰਮ ਵਿਚ ਕੁਲਵੰਤ।
ਚੱਲ ਆਇਆ ਰਾਜਾ ਦੁਸ਼ਿਅੰਤ।
ਤੱਕੀ ਓਸ ਸ਼ਕੁੰਤਲਾ ਨਾਰ।
ਪਹਿਲੀ ਤੱਕਣੀ ਹੋਇਆ ਪਿਆਰ।
ਦੁਸ਼ਿਅੰਤ ਅਤੇ ਸ਼ਕੁੰਤਲਾ ਦਾ।
ਹੋ ਚੁੱਕਾ ਹੈ ਗੰਧਰਵ-ਵਿਆਹ।
ਸੁੱਗੜ ਸਰੂਪ ਸਸ਼ੀਲ ਸਿਆਣੀ।
ਬਣ ਗਈ ਹੈ ਰਾਜੇ ਦੀ ਰਾਣੀ।
ਖ਼ੁਸ਼ ਹੋਇਆ ਸੁਣ ਕਣਵ ਕਹਾਣੀ।
ਬਣ-ਕੰਨਿਆਂ ਕਿੰਝ ਬਣ ਗਈ ਰਾਣੀ।

ਇਸ ਕਿਸਮਤ ਦੇ ਖੇਲ੍ਹ ਨਿਆਰੇ।
ਇਸ ਕਿਸਮਤ ਦੇ ਵਾਰੇ ਨਿਆਰੇ।
ਕਿਸਮਤ ਅਰਸ਼ੋਂ ਫ਼ਰਸ਼ ਗਿਰਾਏ।
ਕਿਸਮਤ ਫ਼ਰਸ਼ੋਂ ਅਰਸ਼ ਚੜ੍ਹਾਏ।
ਰਾਜੋਂ ਭੀਖ ਮੰਗਾਏ ਕਿਸਮਤ।
ਭੀਖੋਂ ਤਖ਼ਤ ਬਿਠਾਏ ਕਿਸਮਤ।
ਜਲ ਤੋਂ ਥਲ ਤੇ ਥਲ ਖ਼ੂਹ ਹੋਵੇ।

ਖੂਹ ਤੇ ਮੇਰੁ ਸਮੇਰੁ ਖੜੋਵੇ।
ਖਲ ਮੂਰਖ ਤੋਂ ਹੋਵੇਂ ਪੰਡਿਤ।
ਪੰਡਿਤ ਗਿਆਨ ਵਿਹੂਣਾ ਖੰਡਿਤ।
ਊਧੋ ਕਰਮਾਂ ਦੀ ਗਤ ਨਿਆਰੀ।
ਖਲ ਰਾਜਾ, ਰਾਜਾ ਭੇਖਾਰੀ।

ਕਣਵ ਰਿਖੀ ਫਿਰ ਕਰੇ ਵਿਚਾਰ।
ਚੰਗਾ ਹੈ ਲੱਥਾ ਹੀ ਭਾਰ।
ਬੀਤ ਗਿਆ ਹੈ ਅੱਧਾ ਸਾਲ।
ਕੁੱਖ ਰਾਣੀ ਦੇ ਪਲਦਾ ਬਾਲ।
ਸਾਰਦੂਤ ਸਾਰੰਗਧਰ ਸੰਗੀ।
ਨਾਲ ਗੌਤਮੀ ਜਾਵੇ ਚੰਗੀ।
ਜਾਵੇਂ ਆਪਣੇ ਘਰ ਸ਼ਕੁੰਤਲਾ।
ਕਰੇ ਵਿਚਾਰੀ ਦਾ ਰੱਬ ਭਲਾ।
ਕੰਨੋਂ ਕੱਚੇ ਹੁੰਦੇ ਰਾਜੇ।
ਭੁੱਲ ਜਾਂਦੇ ਨੇ ਕੀਤੇ ਵਾਅਦੇ।
ਹੋਵੇ ਨਾ ਭੁੱਲ ਗਿਆ ਖ਼ਿਆਲ।
ਹੋਵੇ ਨਾ ਕੋਈ ਟੇਢੀ ਚਾਲ।
ਸੋਹਣਾ ਦਿਨ ਤਿੱਥ ਵਾਰ ਵਿਚਾਰ।
ਕੀਤੀ ਵਿਦਾ ਕਣਵ ਦੇ ਪਿਆਰ।

ਸਾਰਦੂਤ ਤੇ ਸਾਰੰਗਧਰ ਸੰਗ।
ਲੈ ਕੇ ਖੁਸ਼ੀਆਂ ਭਰੀ ਉਮੰਗ।
ਨਾਲ ਗੌਤਮੀ ਤੁਰੀ ਸ਼ਕੁੰਤਲਾ।
ਸ਼ਾਲਾ! ਹੋਵੇ ਸਫ਼ਲ ਯਾਤਰਾ।
ਆਖ ਅਲਵਿਦਾ ਆਸ਼ਰਮ ਤਾਈਂ।
ਤੁਰਪੇ ਚਾਰੇ ਚਾਈਂ-ਚਾਈਂ।
ਤੁਰਪੇ ਰੱਬ ਆਸਰਾ ਲੈ ਕੇ।
ਤੁਰਪੇ ਨਾਮ ਖ਼ੁਦਾ ਦਾ ਲੈ ਕੇ

ਤੁਰਪੇ ਵੀਣਾ ਨਾਦ ਵਜਾ ਕੇ।
ਤੁਰਪੇ ਰਾਮ ਰਹੀਮ ਧਿਆ ਕੇ।
ਤੁਰਪੇ ਸੁਰਤੀ ਸਬਦਿ ਟਿਕਾ ਕੇ।
ਤੁਰਪੇ ਪੀਰ ਫ਼ਕੀਰ ਮਨਾ ਕੇ।
ਲੰਘਦੇ ਨਦੀਆਂ ਜੰਗਲ ਬੇਲੇ।
ਉੱਚੇ ਨੀਵੇਂ ਟਿੱਬੇ ਟੇਲੇ।
ਲੰਘਦੇ ਰੋੜਾਂ ਭਰੇ ਮਦਾਨ।
ਲੰਘਦੇ ਬੀਆਬਾਨ ਵੀਰਾਨ।
ਲੰਘਦੇ ਝਿੜੀਆਂ ਭਰੇ ਓਜਾੜ।
ਉੱਚੇ ਨੀਵੇਂ ਚੀਰ ਪਹਾੜ।
ਸੁੰਦਰ ਉਪਵਨ ਨਦੀਆਂ ਨਾਲੇ।
ਲੰਘਦੇ ਜਾਵਣ ਔਖ ਸੁਖਾਲੇ।
ਸੁੱਚੇ ਸਿਵੇਂ ਟੱਪ ਸ਼ਮਸ਼ਾਨ।
ਲੰਘਦੇ ਗੋਰਾਂ ਕਬਰਸਤਾਨ।
ਟੇਢੇ ਪਰਬਤ ਮੇਰੁ ਸਮੇਰੁ।
ਲੰਘਦੇ ਜਾਣ ਘੇਰਾਂ ਦੀ ਘੇਰ।
ਸਿਰ ਸੱਪਾਂ ਦੇ ਧਰਦੇ ਪੈਰ।
ਜਾਣ ਸ਼ਿਵਾਂ[1] ਦੀ ਮੰਨਦੇ ਖ਼ੈਰ।
ਟੱਪਦੇ ਖੂਹੀਆਂ ਟੱਪਦੇ ਖੰਡਰ।
ਟੱਪਦੇ ਖੱਡਾਂ ਤੇ ਬਨ-ਕੰਦਰ।

ਨਾਥ ਜੋਗੀਆਂ ਦੇ ਲੰਘ ਟਿੱਲੇ।
ਲੰਘਦੇ ਮਠ ਮੰਦਿਰ ਗੁਠਿੱਲੇ।
ਮਸਤ ਸਲੰਗਾਂ ਦੇ ਲੰਘ ਡੇਰੇ।
ਤੁਰਦੇ ਜਾਵਣ ਹੋਰ ਅਗੇਰੇ।
ਲੰਘ ਥੇਹਾਂ ਦੀ ਧਰਤੀ ਤੇਲਣ।
ਜਿੱਥੇ ਨਾਗ ਸਰਾਲਾਂ ਮੇਲ੍ਹਣ।
ਲੰਘ ਮਾਰੂਥਲ ਰੇਤ ਬਰੇਤੀ।
ਲੰਘ ਕਿਰਸਾਣੀ ਜੰਮੀ ਖੇਤੀ।
ਲੰਘ ਦਲਦਲਾਂ ਚਿੱਕੜ ਗਾਰੇ।

1. ਸ਼ਿਵਾ— ਸ਼ਿਵਜੀ: ਜਿਸ ਨੂੰ ਜ਼ਹਿਰ ਦਾ ਦੇਵਤਾ ਮੰਨਿਆ ਗਿਆ ਹੈ।

ਹਰ-ਹਰ ਕਰਦੇ ਜਾਣ ਵਿਚਾਰੇ।
ਅਣਹੋਣੀ ਕੋਈ ਹੋਣ ਤੋਂ ਡਰਦੇ।
ਜਾਣ ਵਹਿਗੁਰੂ-ਵਹਿਗੁਰੂ ਕਰਦੇ।

ਰਾਹ ਵਿਚ ਖੱਡਾਂ ਮੂੰਹ ਡੈਣਾਂ ਦੇ।
ਰਾਹ ਵਿਚ ਵਿਕਲ ਬੋਲ ਵੈਣਾਂ ਦੇ।
ਰਾਹ ਵਿਚ ਸਰਦੀ ਰਾਹ ਵਿਚ ਗਰਮੀ।
ਰਾਹ ਵਿਚ ਸਖਤੀ ਰਾਹ ਵਿਚ ਨਰਮੀ।
ਰਾਹ ਵਿਚ ਖਾਰਾਂ ਰਾਹ ਵਿਚ ਕੰਡੇ।
ਰਾਹ ਵਿਚ ਰਾਹਜ਼ਨ ਮੁਸ਼ਟੰਡੇ।
ਰਾਹ ਵਿਚ ਡਾਕੂ ਰਾਹ ਵਿਚ ਚੋਰ।
ਰਾਹ ਵਿਚ ਫਿਰਦੇ ਆਦਮਖੋਰ।
ਰਾਹ ਵਿਚ ਰੂਹਾਂ ਫਿਰਨ ਬੇਗਤੀਆਂ।
ਰਾਹ ਵਿਚ ਡੈਣਾਂ ਫਿਰਨ ਬੇਪੱਤੀਆਂ।
ਮਾਣਸ ਦੇਹ ਮਾਣਸ ਦੇਹ ਕਰਦੇ।
ਰਾਹ ਵਿਚ ਫਿਰਦੇ ਪ੍ਰੇਤ ਵਿਚਰਦੇ।
ਇਕ ਹੱਥ ਮਟਕਾ ਭਰੀ ਸ਼ਰਾਬ।
ਇਕ ਹੱਥ ਮਾਣਸ ਦੇਹ ਦਾ ਕਬਾਬ।
ਡੈਣਾਂ ਦੀ ਗੋਦੀ ਵਿੱਚ ਚੁੱਕੇ।
ਖਾਂਦੇ ਜਾਣ ਦਿਉਆਂ ਦੇ ਬੱਚੇ।
ਇਉਂ ਦੁੱਖਾਂ ਦਰਦਾਂ ਦੇ ਮਾਰੇ।
ਹਰ-ਹਰ ਕਰਦੇ ਜਾਣ ਵਿਚਾਰੇ।
ਡੂੰਘੇ ਬਿਖੜੇ ਪੈਂਡੇ ਮਾਰ।
ਚੱਲ ਸ਼ਹਿਰ ਦੇ ਆਏ ਦੁਆਰ।

ਕੌਣ ਹੋਏ ਇਹ ਲੋਕ ਅਜਨਬੀ।
ਕੌਣ ਹੋਏ ਇਹ ਰਿਖੀ ਤੇਜਸਵੀ।
ਕੀ ਇਹ ਸੱਚੀ ਲੋਕ ਸਤਜੁਗੀ?
ਜਾਂ ਇਹ ਸਾਧੂ ਭੇਖ ਕਲਯੁਗੀ।
ਚੱਲ ਆਏ ਕੋਈ ਸਾਧ ਪਖੰਡੀ।

ਇਹ ਬਰਬੰਡੀ ਬੜੇ ਘਮੰਡੀ।
ਆਪ ਹੱਸਣ ਤੇ ਜੱਗ ਹਸਾਵਣ।
ਪਿੱਛੇ ਲੋਕ ਲੱਗੇ ਇਉਂ ਜਾਵਣ।
ਪੁੱਛਦੇ ਦੱਸ ਦੇ ਆਖ਼ਰਕਾਰ।
ਪੁੱਜੇ ਰਾਜੇ ਦੇ ਦਰਬਾਰ।

ਰਾਜੇ ਪੁੱਛਿਆ ਹਾਲ ਹਵਾਲ।
ਆਇਆ ਕਿਵੇਂ ਅਸਾਂ ਦਾ ਖ਼ਿਆਲ ?
ਕੀ ਤਪੀਆਂ ਨੂੰ ਦੈਂਤ ਸਤਾਉਂਦੇ ?
ਕੀ ਨੇ ਬਿਘਨ ਜੱਗ ਵਿਚ ਪਾਉਂਦੇ ?
ਕੀ ਨਾ ਲੱਗਣ ਦੇਣ ਸਮਾਧਿ ?
ਦੱਸੋ ਕਰਦੇ ਕੀ ਅਪਰਾਧ ?
ਕੀ ਉਹ ਬਿਘਨ ਪਉਣ ਵਿਚ ਤਾੜੀ ?
ਕੀ ਘਟਨਾ ਕਰਦੇ ਕੋਈ ਮਾੜੀ ?
ਕੀ ਤੁਹਾਨੂੰ ਤੰਗ ਕਰਦੇ ਬਨਚਰ ?
ਹਾਥੀ ਰਿੱਛ ਸ਼ੇਰ ਕੋਈ ਕੇਹਰ ?
ਕਿਵੇਂ ਤਪੱਸਣਾਂ ਚੱਲ ਕੇ ਆਈਆਂ।
ਕਿਸ ਬਿਪਤਾ ਨੇ ਹੈਣ ਸਤਾਈਆਂ।
ਦੱਸੋ ਆਪਣਾ ਸਾਰਾ ਹਾਲ।
ਭੇਜਾਂ ਕੁਮਕ, ਕਿ ਚੱਲਾਂ ਨਾਲ।
ਕਣਵ ਰਿਸ਼ੀ ਦਾ ਕੀ ਹੈ ਹਾਲ।
ਕੀ ਉਹ ਠੀਕ ਹੈਨ ਖ਼ੁਸ਼ਹਾਲ।

ਆਸੋਂ ਉਲਟ ਰਾਜੇ ਦੀ ਬਾਣੀ।
ਸੁਣ ਤਪੀਆਂ ਨੂੰ ਹੋਈ ਹੈਰਾਨੀ।
ਸੋਚਿਆ ਸੀ ਹੋਵੇਗਾ ਆਦਰ।
ਉਲਟਾ ਲੱਗੈ ਹੋਣ ਨਿਰਾਦਰ।
ਸੰਭਲ ਬੋਲਿਆ ਸਾਰਦੂਤ ਫਿਰ।
ਮਹਾਰਾਜ! ਆਏ ਤੁਹਾਡੇ ਦਰ।
ਭੇਜਿਆ ਕਣਵ ਰਿਸ਼ੀ ਨੇ ਸਾਨੂੰ।

ਦਿੱਤਾ ਖ਼ਾਸ ਸੰਦੇਸ਼ ਤੁਸਾਂ ਨੂੰ।
ਇਹ ਰੁੱਕਾ ਇਕ ਖ਼ੁਦ ਲਿਖ ਦਿੱਤਾ।
ਜਿਸ ਵਿਚ ਸਾਰੀ ਲਿਖੀ ਵਾਰਤਾ।

(ਸਾਰਦੂਤ ਖ਼ਤ ਫੜਾਉਂਦਾ ਹੈ। ਰਾਜਾ ਇਕ ਨਫਰ ਨੂੰ ਪੜ੍ਹਨ ਲਈ ਆਗਿਆ ਦਿੰਦਾ ਹੈ।)

## ਖ਼ਤ

ਜਦੋਂ ਤੁਸੀਂ ਆਏ ਸੀ ਆਸ਼ਰਮ।
ਅਸੀਂ ਗਏ ਸਾਂ ਬਾਹਰ ਘੁੰਮਣ।
ਤੁਸੀਂ ਗੰਧਰਵ-ਰੀਤੀ ਨਾਲ।
ਕੀਤਾ ਵਿਆਹ ਸ਼ਕੁੰਤਲਾ ਨਾਲ।
ਮੈਂ ਹਾਂ ਇਸ ਤੇ ਅਤਿ ਪ੍ਰਸੰਨ।
ਭਾਗ ਮੇਰੀ ਬੇਟੀ ਦੇ ਧੰਨ।
ਘਰ ਨਾ ਸੋਹੇ ਧੀ ਵਿਆਹੀ।
ਓਸ ਸੰਗ ਸੋਹੇ ਜਿਸ ਲੜ ਲਾਈ।
ਕੰਤ ਨਾਲ ਸੋਹੇ ਅਰਧੰਗੀ।
ਪਿਰ ਬਿਨ ਰਹਿਣਾ ਗੱਲ ਨਾ ਚੰਗੀ।
ਤਪੀਆਂ ਦੇ ਸੰਗ ਖ਼ਾਸ ਉਚੇਚੀ।
ਭੇਜ ਰਿਹਾ ਹਾਂ ਆਪਣੀ ਬੇਟੀ।
ਸੁਖੀ ਵੱਸੋ ਤੇ ਖ਼ੁਸ਼ੀਆਂ ਮਾਣੋਂ।
ਦਿੱਤੀ ਇਹ ਅਸੀਸ ਸ਼ੁੱਭ ਜਾਣੋ।

(ਰਾਜਾ ਖ਼ਤ ਸੁਣ ਕੇ ਹੈਰਾਨ ਰਹਿ ਜਾਂਦਾ ਹੈ। ਕਿਉਂਕਿ ਸਰਾਪ ਵੱਸ ਰਾਜਾ ਸਭ ਕੁੱਝ ਭੁੱਲ ਚੁੱਕਾ ਹੁੰਦਾ ਹੈ।)

## ਰਾਜਾ

ਤਪੀਓ ਕਿਸ ਦੀ ਗੱਲ ਹੋ ਕਰਦੇ।
ਕੌਣ ਕੁੜੀ ਹੈ ਇਹ ਵਿਚ ਪਰਦੇ ?
ਕਣਵ ਰਿਸ਼ੀ ਦੇ ਆਸ਼ਰਮ ਵੱਲ।
ਮੈਂ ਨਾ ਕਿਧਰੇ ਧਾਇਆਂ ਚੱਲ।
ਨਾ ਮਾਂ ਕਿਧਰੇ ਕੀਤਾ ਵਿਆਹ।
ਇਹ ਕੀ ਆਈ ਚੱਲ ਬਲਾ।

## ਸਾਰਦੂਤ

ਤੁਸੀਂ ਹੋ ਮੌਕੇ ਦੀ ਸਰਕਾਰ।
ਬਹੁਤੇ ਰਹਿੰਦੇ ਕਾਰ ਵਿਹਾਰ।
ਆਉਣ ਹਜ਼ਾਰਾਂ ਨਿੱਤ ਮਹਿਮਾਨ।
ਬਹੁਤੇ ਪਾਸੇ ਰਹੇ ਧਿਆਨ।
ਆਖ਼ਰ ਰਾਜੇ ਤੇ ਮਹਾਰਾਜੇ।
ਭੁੱਲ ਜਾਂਦੇ ਨੇ ਕੀਤੇ ਵਾਅਦੇ।
ਸੋਚੋ ਫੇਰ ਤੇ ਕਰੋ ਖ਼ਿਆਲ।
ਅਸੀਂ ਤਪੀ ਨਾ ਕਰੀਏ ਚਾਲ?
ਕਰੋ ਏਸ ਨੂੰ ਅੰਗੀਕਾਰ।
ਗਰਭਵਤੀ ਹੈ ਤੁਹਾਡੀ ਨਾਰ।

(ਰਾਜਾ ਕੁਝ ਚਿਰ ਮਨ ਤੋਂ ਬੋਝ ਪਾ ਕੇ ਸੋਚਦਾ ਹੈ।)

## ਰਾਜਾ

ਮੈਨੂੰ ਨਾ ਕੁੱਝ ਚੇਤੇ ਆਵੇ।
ਗੱਲ ਤੁਹਾਡੀ ਨਿਰੇ ਛਲਾਵੇ।
ਬਿਨਾਂ ਆਪਣੀ ਧਰਮੀ ਰਾਣੀ।
ਮੈਂ ਨਾ ਕਿਧਰੋ ਸੇਜ਼ਾ ਮਾਣੀ।

## ਗੌਤਮੀ

ਮਹਾਰਾਜ! ਇਹ ਗੱਲ ਨਾ ਚੰਗੀ।
ਤੱਕੋਂ ਆਪਣੀ ਇਹ ਅਰਧੰਗੀ।
ਇਉਂ ਕਹਿ ਪੱਲਾ ਮੂੰਹ ਤੋਂ ਲਾਹਿਆ।
ਚੰਨ ਜਿਹਾ ਮੂੰਹ ਸਾਂਹਵੇ ਆਇਆ।
(ਪਰ) ਰਾਜਾ ਫੇਰ ਗਿਆ ਮੂੰਹ ਪਾਸੇ।
ਦਿੱਤਾ ਸਰਾਪ ਰਿਖੀ ਦੁਰਬਸੇ।
ਕੰਬ ਗਈ ਜਿੰਦੜੀ ਅਨਭੋਲ।
ਗਿਆ ਸਬਰ ਦਾ ਆਸਣ ਡੋਲ।
ਕਿਸਮਤ ਕੀ ਇਹ ਖੇਲ੍ਹ ਦਿਖਾਵੇ।

ਰਾਜਾ ਮੰਨਦਾ ਨਜ਼ਰ ਨਾ ਆਵੇ।
ਤਪੀਆਂ ਪਾਈ ਫੇਰ ਦੁਹਾਈ।
ਪਰ ਰਾਜੇ ਨੂੰ ਰਾਸ ਨਾ ਆਈ।

ਫੇਰ ਸ਼ਕੁੰਤਲਾ ਕਰ ਕਰੜਾ ਮਨ।
ਲੱਗੀ ਬੋਲ ਸੁਰੀਲੇ ਬੋਲਣ।
ਐ ਪੁਰਵੰਸ਼ੀ ਮੇਰੇ ਪ੍ਰਾਣ।
ਯਾਦ ਕਰੋ, ਕੁਝ ਕਰੋ ਧਿਆਨ।
ਮਿਰਗ ਬੱਚੇ ਦਾ ਪਿੱਛਾ ਕਰਦੇ।
ਆਏ ਤੁਸੀਂ ਵਿਚ ਆਸ਼ਰਮ ਦੇ।
ਸਖੀਆਂ ਦੀ ਸੰਗ ਨਾਲ ਮੈਂ ਢਾਣੀ।
ਸੀ ਵੇਲਾਂ ਨੂੰ ਪਾਉਂਦੀ ਪਾਣੀ।
ਲੱਗੀ ਤੁਹਾਨੂੰ ਜ਼ੋਰ ਪਿਆਸ।
ਚੱਲ ਆਏ ਤੁਸੀਂ ਮੇਰੇ ਪਾਸ।
ਕਮਲ ਪੱਤੇ ਦੀ ਨਾਲ ਸਹਾਇਤਾ।
ਸੀ ਗਾਗਰ 'ਚੋਂ ਪਾਣੀ ਪੀਤਾ।
ਜਦੋਂ ਤੁਸੀਂ ਸੀ ਪੀਂਦੇ ਪਾਣੀ।
ਲੰਘ ਆਇਆ ਮੇਰੀ ਬਾਂਹ ਥਾਂਣੀਂ।
ਛੋਟਾ ਇਕ ਮਿਰਗ ਦਾ ਬੱਚਾ।
ਜਿਸ ਨੂੰ ਮੈਂ ਪਾਲਿਆ ਸੀ ਨਿੱਕਾ।
ਆਇਆ ਚੱਲ ਤੁਹਾਡੇ ਕੋਲ।
ਲੱਗਾਂ ਤੁਸਾਂ ਨਾ ਕਰਨ ਕਲੋਲ।
ਤੁਸੀਂ ਪਿਆਉਣਾ ਚਾਹਿਆ ਪਾਣੀ।
ਪੀਤਾ ਨਾ ਪਰ ਓਸ ਹਰਾਮੀ।
ਜਦੋਂ ਪਿਆਇਆ ਮੈਂ ਫੜ ਲੋਟਾ।
ਗਟ ਗਟ ਕਰਕੇ ਪੀ ਗਿਆ ਖੋਟਾ।
ਹੱਸੇ ਤੁਸੀਂ ਬੜੇ ਖੁਸ਼ ਹੋਏ।

ਉਸ ਪਾਪੀ ਤੇ ਤੰਗ ਵੀ ਹੋਏ।
ਇੰਝ ਅੱਖੀਆਂ ਹੋਈਆਂ ਚਾਰ।
ਕੀਤਾ ਰੱਜ ਅਸਾਂ ਨੇ ਪਿਆਰ।

ਪਰ ਰਾਜੇ ਤੇ ਅਸਰ ਨਾ ਹੋਇਆ।
ਪੱਥਰ ਪਾਣੀ ਜਿਵੇਂ ਡਬੋਇਆ।
ਦਿੱਤਾ ਸਰਾਪ ਰਿਖੀ ਦੁਰਬਾਸੇ।
ਉਹ ਤਾਂ ਫੇਰ ਗਿਆ ਮੂੰਹ ਪਾਸੇ।

ਸੋਚੇ ਹੁਣ ਕੀ ਲਾਜ ਬਣਾਵਾਂ।
ਕਿੱਦਾਂ ਇਸਨੂੰ ਯਾਦ ਕਰਾਵਾਂ।
ਰਾਜਾ ਮੰਨਦਾ ਨਜ਼ਰ ਨਾ ਆਵੇ।
ਰਾਣੀ ਦਾ ਮਨ ਪਿਆ ਘਬਰਾਵੇ।
ਧਾਰ ਚੰਡਿਕਾ ਰੂਪ ਕ੍ਰੋਧਣ।
ਲੱਗੀ ਬੋਲ ਗੁਸੀਲੇ ਬੋਲਣ।
'ਤੂੰ ਛਲ ਕੀਤਾ ਮੇਰੇ ਨਾਲ।
ਪਾਪੀਆਂ ਭੈੜੀ ਖੇਡੀ ਚਾਲ।'
'ਛਲ ਤੇ ਕਪਟ ਮਹਿਲ ਦੀ ਰੀਤੀ।
ਸਾਡੀ ਸੁਚੀ ਸੋਹਲ ਪ੍ਰੀਤੀ।'
'ਤੂੰ ਛਲ ਕਪਟੀ ਝੂਠਾ ਖੋਟਾ।
ਕੀਤਾ ਮੇਰੇ ਨਾਲ ਤੂੰ ਧੋਖਾ।'
ਬੋਲ ਗੁਸੀਲੇ ਸੁਣ ਕੇ ਉਸਦੇ।
ਰਾਜਾ ਮਨ ਹੀ ਮਨ ਵਿਚ ਸੋਚੇ।
ਉਂਝ ਇਹ ਨਿਰਛੱਲ ਜਾਪੇ ਨਾਰ।
ਗਲਤ ਫਹਿਮੀ ਦਾ ਕਿਸੇ ਸ਼ਿਕਾਰ।

ਜਦ ਨੂੰ ਪ੍ਰੇਮਵਿਦਾ ਦੀ ਗੱਲ।
ਆਈ ਸ਼ਕੁੰਤਲਾ ਦੇ ਮਨ ਚੱਲ।
ਇਸ ਨੂੰ ਚੇਤਾ ਹੁਣੇ ਕਰਾਵਾਂ।

ਮੁੰਦਰੀ ਇਸਨੂੰ ਕੱਢ ਦਿਖਾਵਾਂ।
ਆਏ ਤੁਸਾਨੂੰ ਯਾਦ ਕਹਾਣੀ।
ਮੁੰਦਰੀ ਦਿੱਤੀ ਦੇਖ ਨਿਸ਼ਾਨੀ।
ਇਉਂ ਕਹਿ ਕੂਲੇ ਹੱਥ ਪਸਾਰ।
ਉਂਗਲੀ ਕੱਢ ਦਿਖਾਵੇ ਬਾਹਰ।
ਉਂਗਲੀ ਵਿਚ ਨਾ ਦਿਸੇ ਅੰਗੂਠੀ।
ਸੱਚ ਕਹਾਣੀ ਹੋ ਗਈ ਝੂਠੀ।

ਰਾਜਾ ਭਖ ਹੋਇਆ ਅੰਗਿਆਰ।
ਕਰੇ ਫਰੇਬ ਮਕਰ ਇਹ ਨਾਰ।
ਇਹ ਤਾਂ ਕੋਈ ਨਾਰ ਹੈ ਖੋਟੀ।
ਛਲ ਕਰਨੀ ਇਹ ਬਨ ਹਰਨੋਟੀ।
ਅਗਨ ਸਰਪਨੀ ਇਹ ਵਿਸ਼ ਗੰਦਲ।
ਜਹਿਰ ਲਪੇਟੀ ਹੈ ਇਹ ਸੰਦਲ।
ਇਹ ਤਾਂ ਕੋਈ ਨਾਰ ਹੈ ਟੇਢੀ।
ਇਹ ਬਹੁ-ਰੂਪਣ ਕੋਈ ਸ਼ਲੇਡੀ।
ਇਹ ਕੋਈ ਸੂਪਨਖ਼ਾ ਦੀ ਭੈਣ।
ਗੁੱਝਾ ਭੇਤ ਆਈ ਕੋਈ ਲੈਣ।
ਭੂਤ ਚੁੜੇਲ ਕੋਈ ਇਹ ਡੈਣ।
ਜਾਂ ਇਹ ਪਾਗਲ ਕੋਈ ਸੁਦੈਣ।
ਇਹ ਕੋਈ ਨੀਚ ਕੁਲੀ ਵਿਭਚਾਰਣ।
ਇਹ ਕੋਈ ਬਦਫੈਲਣ ਦੁਰਚਾਣ।
ਇਹ ਕੋਈ ਗਨਕਾ ਚਕਲੇ ਵਾਲੀ।

---

1. ਸੂਪਨਖ਼ਾ— ਰਾਵਣ ਦੀ ਭੈਣ ਜਿਸਨੂੰ ਆਪਣੀ ਸੁੰਦਰਤਾ ਖ਼ਾਸ ਕਰਕੇ ਸੋਹਣੇ ਨੱਕ ਤੇ ਮਾਣ ਸੀ। ਜਿਸ ਨੇ ਰਾਮ ਚੰਦਰ ਨਾਲ ਸ਼ਾਦੀ ਕਰਨ ਲਈ ਜ਼ਿੱਦ ਕੀਤੀ, ਜਿਸ ਕਾਰਣ ਲਛਮਣ (ਰਾਮ ਦਾ ਭਰਾ) ਨੇ ਉਸਦਾ ਨੱਕ ਕੱਟ ਦਿੱਤਾ ਜੋ ਰਾਮ-ਰਾਵਣ ਦੇ ਵੈਰ ਦਾ ਕਾਰਨ ਬਣਿਆ।
2. ਗਨਕਾ— ਇਕ ਤਵਾਇਫ (ਪੇਸ਼ੇ ਵਾਲੀ ਔਰਤ) ਜਿਸ ਦਾ ਪੌਰਾਣਿਕ ਕਥਾਵਾਂ ਵਿਚ ਅਤੇ ਗੁਰਬਾਣੀ ਵਿਚ ਵੀ ਕਈ ਥਾਂਈਂ ਜ਼ਿਕਰ ਹੈ। ਜਿਸ ਬਾਰੇ ਇਹ ਧਾਰਨਾ ਹੈ ਕਿ ਪੇਸ਼ਾਵਰ ਹੋਣ ਦੇ ਬਾਵਜੂਦ ਵੀ ਉਸਦਾ ਉਧਾਰ ਸਿਰਫ ਇਸ ਗੱਲ ਨਾਲ ਹੀ ਹੋ ਗਿਆ ਕਿ ਉਸਨੇ ਆਪਣੇ ਪਾਲਤੂ ਤੋਤੇ ਨੂੰ ਰਾਮ ਦਾ ਨਾਮ ਜਾਣੀ 'ਰਾਮ' ਕਹਿਣਾ ਸਿਖਾਇਆ।
3. ਰਤੀ— ਰਤੀ ਜੋ ਮਿਥਿਹਾਸਕ ਕਾਮਦੇਵ ਦੇ ਘਰਵਾਲੀ ਦਾ ਨਾਮ ਹੈ। ਇੱਥੇ ਰਤੀ ਤੋਂ ਅਰਥ ਅਧਿਕ ਕਾਮੀ ਅਤੇ ਚਾਲਬਾਜ ਇਸਤਰੀ ਸਮਝਿਆ ਜਾਏ।

ਇਹ ਕੋਈ ਰੱਤੀ ਕਾਮ ਕੁਠਾਲੀ।
ਜਾਦੂਗਰਨੀ ਕੋਈ ਬੰਗਾਲਣ।
ਕੋਈ ਬਤਾਲਣ, ਬਾਰਾਂ-ਤਾਲਣ।
ਇਹ ਕੋਈ ਫਫੇ-ਕੁੱਟਣੀ ਮਾਈ।
ਇਹ ਪੁੱਠ-ਪੈਰੀ ਕਿਥੋਂ ਆਈ।
ਇਹ ਕੋਈ ਕਾਮਣਿ ਟੂਣੇ ਹਾਰੀ।
ਗਰਭਵਤੀ ਇਹ ਕੋਈ ਕੁਆਰੀ।
ਦੁਰਾਚਾਰ ਕੋਈ ਨਾਰ ਦੁਹੇਲੀ।
ਇਹ ਸ਼ਤਾਨ ਦੀ ਕੋਈ ਸਹੇਲੀ।
ਇਹ ਕੋਈ ਔਰਤ ਹੈ ਬਦਕਾਰ।
ਧੱਕੇ ਮਰ ਕੇ ਕੱਢੋ ਬਾਹਰ।

ਹੋਈ ਹੁਕਮਾਂ ਦੀ ਤਾਮੀਲ।
ਹੁਣ ਨਾ ਸੁਣਦਾ ਕੋਈ ਅਪੀਲ।
ਉਹ ਦੁਖਿਆਰੀ ਕਰਮਾਂ ਮਾਰੀ।
ਕੱਢੀ ਸ਼ਹਿਰੋਂ ਬਾਹਰ ਵਿਚਾਰੀ।

ਦਿਲ ਵਿਚ ਰਾਜਾ ਕਰੇ ਵਿਚਾਰ।
ਹੋਈ ਕੌਣ ਅਜਬ ਇਹ ਨਾਰ।
ਭਾਵੇਂ ਮੈਨੂੰ ਯਾਦ ਨਾ ਆਵੇ।
ਪਰ ਇਹ ਮੇਰੇ ਮਨ ਨੂੰ ਭਾਵੇ।
ਭਾਵੇਂ ਝੂਠ ਰਹੀ ਹੈ ਬੋਲ।
ਫਿਰ ਵੀ ਸ਼ਕਲੋਂ ਹੈ ਅਨਭੋਲ।
ਕਪਟੀ ਲੋਕ ਇੰਝ ਨਾ ਲੱਗਣ।
ਚੋਰ-ਯਾਰ ਦੇ ਨੈਣ ਨਾ ਕੱਜਣ।
ਇਸ ਦੀ ਪ੍ਰੀਤ ਕੁਆਰੀ ਲੱਗੇ।
ਇਸ ਦੀ ਅਦਾ ਪਿਆਰੀ ਲੱਗੇ।
ਬੋਲੀ ਅਤਿ ਸੋਹਣੀ ਅਤਿ ਮਿੱਠੀ।
ਸੂਰਤ ਲੱਗਦੀ ਕਿਧਰੇ ਡਿੱਠੀ।
ਲੱਗਦੀ ਹੈ ਜਾਣੀ ਪਹਿਚਾਣੀ।
ਪਰ ਨਾ ਆਵੇ ਯਾਦ ਕਹਾਣੀ।
ਉਸਦੇ ਬੋਲਾਂ ਵਿੱਚ ਸੱਚ ਲੱਗਦੈ।
ਅੰਦਰੋਂ ਦਿਲ ਮੇਰਾ ਵੀ ਡਰਦੈ।

# ਪਰ

ਮੈਂ ਉਪਵਾਨ ਵਿਚ ਪੈਰ ਨਾ ਪਾਇਆ।
ਚੱਲ ਸ਼ਿਕਾਰ ਨਾ ਓਧਰ ਧਾਇਆ।
ਭੌਰੇ ਕੋਲੋਂ ਕਦੋਂ ਛੁਡਾਇਆ।
ਕਦ ਮੈਂ ਇਸ ਸੰਗ ਨੇਹੁ ਰਚਾਇਆ।
ਕਦ ਕੋਈ ਮਿਰਗ ਮਰੀਚ ਦਾ ਬੱਚਾ।
ਮੇਰੇ ਕੋਲੋਂ ਡਰ ਕੇ ਨੱਸਾ।
ਮੈਥੋਂ ਕਦੋਂ ਨਾ ਪੀਤਾ ਪਾਣੀ।
ਫੇਰ ਪਿਆਇਆ ਆਪੇ ਰਾਣੀ।
ਇਹ ਤਾਂ ਹੈ ਕੋਈ ਉਲਟ ਕਹਾਣੀ।
ਇਹ ਤਾਂ ਉਲਝੀ ਲੱਗਦੀ ਤਾਣੀ।

ਕੌਣ ਪ੍ਰੇਮਵਿਦਾ ਤੇ ਅਨਸੂਆ।
ਕਿਹੜੀ ਹੋਈ ਇਹ ਸ਼ਕੁੰਤਲਾ।
ਮੇਰੀ ਸਮਝ ਕੋਈ ਨਾ ਆਵੇ।
ਅੰਦਰੋਂ ਦਿਲ ਮੇਰਾ ਡਰ ਖਾਵੇ।
ਹੋਵੇ ਨਾ ਸੱਚੀ ਦੁਖਿਆਰੀ।
ਭੁਲਿਆ ਹੋਵਾਂ ਮੈਂ ਵਿਭਚਾਰੀ।
ਹੁੰਦੀ ਨਾ ਉਹ ਗਰਭਵਤੀ ਜੇ।
ਫੇਰ ਸ਼ਾਇਦ ਅਪਨਾ ਲੈਂਦਾ ਮੈਂ।
ਦਿਨੇ ਰਾਤ ਸੋਚਾਂ ਵਿਚ ਰਹਿੰਦਾ।
ਉਸਦਾ ਖਿਆਲ ਨਾ ਮਨ ਤੋਂ ਲਹਿੰਦਾ।

# 9. ਵਿਰਲਾਪ

(ਸ਼ਕੁੰਤਲਾ ਨਾਲ ਆਏ, ਤਪੀ ਸਾਰਦੂਤ ਤੇ ਸਾਰੰਗਧਰ ਅਤੇ ਗੌਤਮੀ ਵੀ ਹੁਣ ਉਸਨੂੰ ਸ਼ੱਕੀ ਨਿਗਾਹ ਦੇਖਦੇ ਹਨ। ਅੰਤ ਉਨ੍ਹਾਂ ਉਸਨੂੰ ਦੁਰਾਚਾਰਣ ਆਖ ਕੇ ਫਿਟਕਾਰਿਆ ਅਤੇ ਆਪਣੇ ਨਾਲ ਲਿਜਾਣ ਤੋਂ ਇਨਕਾਰ ਕਰ ਦਿੱਤਾ।)

(ਇੱਕਲੀ ਸ਼ਕੁੰਤਲਾ ਵਣਾਂ ਵੱਲ ਨੂੰ ਚੱਲ ਪੈਂਦੀ ਹੈ।)

(ਵਿਰਲਾਪ ਕਰਦੀ ਸ਼ਕੁੰਤਲਾ ਵਣਾਂ ਵੱਲ ਜਾ ਰਹੀ ਹੈ।)

ਸੁਣਿਓਂ ਨੀ ਕੋਈ ਦਿਲ ਮੇਰੇ ਦੇ ਹਾਵੇ,
ਬੈਠੋ ਨੀ ਕੋਈ ਹੋ ਕੇ ਮੇਰੇ ਸਾਂਹਵੇ।

ਕਿਹੜਾ ਨੀ ਮਜ਼ਲੂਮ ਨੂੰ ਦਏ ਦਿਲਾਸਾ,
ਹੈ ਕੋਈ ਜਿਹੜਾ ਸਾਨੂੰ ਧੀਰ ਬੰਨ੍ਹਾਵੇ।

ਲੈ ਬੁੱਕਲ ਵਿੱਚ ਪੂੰਝੇ ਸਾਡੇ ਅੱਥਰੂ,
ਦਿਲ ਦੇ ਜ਼ਖ਼ਮਾਂ ਕੇ ਕੋਈ ਮੱਰ੍ਹਮ ਲਾਵੇ।

ਮਾਪੇ ਨੀ ਕੋਈ ਦਿਲ ਵਿਚਲੀਆਂ ਗਹਿਰਾਈਆਂ,
ਭਾਰ ਗਮਾਂ ਦਾ ਕੋਈ ਨੀ ਤੋਲ ਦਿਖਾਵੇ।

ਹੈ ਕੋਈ ਜਿਹੜਾ ਇਸ਼ਕ ਨੂੰ ਲਾਏ ਤਰਾਜੂ,
ਕੌਣ ਹੁਸਨ ਨੂੰ ਫੀਤਾ ਫੜ ਮਿਣ ਪਾਵੇ।

ਤੋਰੇ ਨੀ ਕੋਈ ਗੱਲ ਇਸ਼ਕ ਦੀ ਤੋਰੇ,

ਹੈ ਕੋਈ ਜਿਹੜਾ ਯਾਰ ਦੀ ਗੱਲ ਸੁਨਾਵੇ।
ਹੈ ਕੋਈ ਜਿਹੜਾ ਜਾਣ ਵਾਲੇ ਨੂੰ ਰੋਕੇ,
ਹੈ ਕੋਈ ਜਿਹੜਾ ਗਿਆਂ ਨੂੰ ਮੋੜ ਲਿਆਵੇ।
ਦੁੱਖਾਂ ਵਾਲਿਆਂ ਨੂੰ ਗੱਲਾਂ ਸੁੱਖ ਦੀਆਂ,
ਐਵੇਂ ਕਿਸੇ ਜੋੜ ਜਹਾਨ ਸੁਨਾਵੇ। ......... (ਵਾਰਿਸ)

ਇਸ਼ਕ ਨਾਗ ਨੇ ਡੱਸ ਲਿਆ ਹੈ ਮੈਨੂੰ,
ਚੜ੍ਹਦੀ ਜਾਂਦੀ ਜ਼ਹਿਰ ਨੂੰ ਮਣਕਾ ਲਾਵੇ।

ਲੱਭੋ ਨੀ ਤੁਸੀਂ ਕੋਈ ਮਾਂਦਰੀ ਲੱਭੋ,
ਮਾਨੁਖਤਾ ਵਿਚ ਪ੍ਰੇਮ ਦੀ ਜੋਤ ਜਗਾਵੇ।

ਵਿਚ ਸਲੱਮਾ[1] ਪਿਆਰ ਸ਼ੀਰਨੀ ਵੰਡੇ,
ਦੀਨ ਦੁਖੀ ਨੂੰ ਪਕੜ ਕਲੇਜੇ ਲਾਵੇ।

ਜਾਣੇਂ ਨੀ ਕੋਈ ਔਤ ਗਿਆਂ ਦੇ ਦੁਖੜੇ,
ਲਾਲ ਕੋਈ ਝੋਲੀ ਥੁੜਿਆਂ ਦੀ ਪਾਵੇ।

ਜਿਸ ਘਰ ਭੁਖੇ ਰੁਲਦੇ ਹੋਣ ਨਿਆਣੇ,
ਰਿਜ਼ਕ ਮੱਟੀਆਂ ਉਨ੍ਹਾਂ ਦੀਆਂ ਭਰ ਆਵੇ।

ਇਸ਼ਕ ਦੇ ਖਾਰੇ ਸਾਗਰ ਦੇ ਵਿਚ ਕੋਈ,
ਮਿਸ਼ਰੀ ਮਿੱਠੀ ਰਾਵੀ ਵਫ਼ਾ ਮਿਲਾਵੇ।

ਲੱਗੀਆਂ ਦੇ ਦੁੱਖ ਨੂੰ ਹੀ ਕੋਈ ਸਮਝੇ,
ਟੁੱਟੀਆਂ ਦੇ ਦੁੱਖ ਰੱਬ ਨਾ ਝੋਲੀ ਪਾਵੇ।

ਦੂਰ ਕਰੇ ਜੋ ਸਮਿਆਂ ਵਿਚਲੇ ਪਾੜੇ,
ਭੂਤ ਭਵਿੱਖਤ ਨੂੰ 'ਹੁਣ' ਵਿਚ ਮਿਲਾਵੇ।

---

1. ਸਲੱਮਾ— ਅਤਿ ਗ਼ਰੀਬ ਝੁਗੀਅ-ਝੌਂਪੜੀਆਂ ਵਾਲਿਆਂ ਦੀਆਂ ਬਸਤੀਆਂ।

ਕੋਈ ਸਮੇਂ ਦਾ ਪੀਰ ਪੁਗਾੜਾ ਲੱਭੋ,
ਜੋ ਸਰਾਪ ਨੂੰ ਵਰ ਵਿਚ ਬਦਲ ਦਿਖਾਵੇ।
ਰੌਸ਼ਨੀਆਂ ਦਾ ਲੱਭੋ ਕੋਈ ਮੱਜੱਸਮ,
ਭਰਮ ਅੰਧੇਰ ਦਿਲਾਂ ਦਾ ਦੂਰ ਨਸਾਵੇ।

ਸੁਣਿਓ ਨੀ, ਕੋਈ ਕਵੀ ਦੇ ਦਿਲ ਦੁਖੜੇ,
ਕਲਮ ਕੀਰਨੇ ਪਾਉਂਦੀ ਕੋਈ ਵਿਰਾਵੇ।

ਬੁੱਢੇ ਬਾਪਾਂ ਦੀ ਕੋਈ ਫੜੇ ਡੰਗੋਰੀ,
ਮਾਂ ਦੀ ਮਮਤਾ ਦਾ ਕੋਈ ਮੁੱਲ ਪਾਵੇ।

ਕੋਈ ਅਨਾਥਾਂ ਦਾ ਮਾਂ-ਪਿਓ ਬਣ ਬਹੁੜੇ,
ਭੁੱਖੇ ਪਿਆਰ ਦਿਲਾਂ ਦੀ ਭੁੱਖ ਮਿਟਾਵੇ।

ਕਾਨ੍ਹ ਫੇਰ ਕੋਈ ਲੱਭੋ ਕਰਨੀ ਵਾਲਾ,
ਕਨਸ ਕੁਵਲੀਆਂ ਪੀੜ ਕੁਰਾਹੋਂ ਲਾਹਵੇ

ਗੋਕਲ ਵਿਚ ਗ਼ਮਗੀਨ ਗੁਜ਼ਰੀਆਂ ਤਾਈਂ,
ਪ੍ਰੇਮ ਦੀ ਮਿੱਠੀ ਮੁਰਲੀ ਤਾਨ ਸੁਣਾਵੇ

ਮੋਹ ਮਾਇਆ ਵਿਚ ਫਸੇ ਅਰਜਨਾਂ ਤਾਈਂ,
ਗੂੜ੍ਹ ਗਿਆਨ ਦੀ ਗੀਤਾਂ ਫੇਰ ਸੁਣਾਵੇ।

---

1. **ਮਜੱਸਮ** - ਸਮੂਹ
2. **ਕਾਨ੍ਹ** - ਕਿਸ਼ਨ
3. **ਕਨਸ** - ਕ੍ਰਿਸ਼ਨ ਜੀ ਦਾ ਮਾਮਾ ਜੋ ਇਕ ਪਾਪੀ ਰਾਜਾ ਸੀ।
4. **ਕੁਵਲੀਆ ਪੀੜ** - ਇਕ ਹਾਥੀ ਦਾ ਨਾਮ ਜਿਸ ਦੁਆਰਾ ਕਨਸ ਨੇ ਕ੍ਰਿਸ਼ਨ ਜੀ ਨੂੰ ਮਰਾਵਾਉਣ ਦੀ ਕੋਸ਼ਿਸ਼ ਕੀਤੀ।
5. **ਗੋਕਲ** - ਉਸ ਪਿੰਡ ਦਾ ਨਾਮ ਜਿਥੇ ਕ੍ਰਿਸ਼ਨ ਜੀ ਦੀ ਪਾਲਣਾ-ਪੋਸਣਾ ਹੋਈ।
6. **ਪੂਤਨਾ** - ਇਕ ਦਾਈ, ਜਿਸਨੇ ਕਨਸ ਦੇ ਕਹਿਣ ਤੇ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਕ੍ਰਿਸ਼ਨ ਨੂੰ ਚੰਘਾਉਮ ਦੀ ਅਸਫ਼ਲ ਕੋਸ਼ਿਸ਼ ਕੀਤੀ ਇੱਥੇ ਪੂਤਨਾ ਤੋਂ ਭਾਵ ਸਰਮਾਏਦਾਰੀ ਨਜ਼ਾਮ ਤੋਂ ਲਿਆ ਜਾਵੇ ਜੋ ਵਿਕਾਸ ਸ਼ੀਲ ਦੇਸ਼ਾਂ ਦੀਆਂ ਪਲਮ ਰਹੀਆਂ ਆਰਥਿਕਤਾਵਾਂ ਵਿਚ ਆਪਣੀਆਂ ਨੀਤੀਆਂ ਦੁਆਰਾ ਜ਼ਹਿਰ ਘੋਲ ਰਹੀ ਹੈ।

ਫੇਰ ਪੂਤਨਾ ਜ਼ਹਿਰ ਥਣਾਂ ਨੂੰ ਲਾ ਕੇ,
ਬਾਲ ਆਰਥਿਕਤਾ ਨੂੰ ਦੂਧ ਚੁੰਘਾਵੇ।
ਨਗਨ ਸਭਿਅਤਾ ਕਰਦੇ ਫੇਰ ਦੂਸ਼ਾਸਨ,
ਕਾਨ੍ਹ ਬੰਸਰੀ ਵਾਲਾ ਲਾਜ ਬਚਾਵੇ।

ਅਰਮਾਨਾਂ ਦੀ ਸੁੱਚੀ ਸੇਜਾ ਉੱਤੇ,
ਸੁੱਤੀ ਘੂਕ ਪ੍ਰੀਤ ਨੂੰ ਕੋਈ ਜਗਾਵੇ।

ਠੰਢੇ ਸੀਤ ਰਿਸ਼ਤਿਆਂ ਵਿਚ ਨਿੱਘ ਘੋਲੇ,
ਚਿੱਟੇ ਲਹੂ ਸਫੈਦ 'ਚ ਲਾਲੀ ਪਾਵੇ।

ਦੂਰ ਕਰੇ ਜੋ ਦੰਪਤੀਆਂ ਦੇ ਝੇੜੇ,
ਨੀਰਸ ਪ੍ਰੇਮ ਸਬੰਧਾਂ ਵਿਚ ਰਸ ਪਾਵੇ।

ਲੱਭੋ ਨੀ ਤੁਸੀਂ ਕੋਈ ਬੰਗਾਲਾ ਲੱਭੋ,
ਐਸੀ ਨੀ ਕੋਈ ਜਾਦੂ ਛੜੀ ਘੁਮਾਵੇ।

ਭੁੱਲੇ ਭਟਕੇ ਪੈਣ ਕੁਰਾਹੀ ਰਸਤੇ,
ਭੁੱਲ ਗਿਆਂ ਨੂੰ ਪ੍ਰੀਤਾਂ ਯਾਦ ਕਰਾਵੇ।

ਕੋਈ ਰੂਹਾਨੀ ਰੰਗ ਲਲਾਰੀ ਲੱਭੋ।
ਇਸ਼ਕ ਹਕੀਕੀ ਰੂਹ ਨੂੰ ਰੰਗਣ ਲਾਵੇ।

ਕਾਮ ਕ੍ਰੋਧ ਨੂੰ ਗਾਲੇ ਪਾ ਕੁਠਾਲੀ,
ਲੋਭ ਮੋਹ ਵੱਸ ਕਰੇ ਹੰਕਾਰ ਨਸਾਵੇ।

ਗੁਰੂ ਗ੍ਰੰਥ ਜੀ ਲੱਭੋ ਪੂਰਾ ਭਾਂਡਾ,
ਲੱਖ ਚੁਰਾਸੀ ਜੂਨੀ ਗੇੜ ਮੁਕਾਵੇ।

ਲੰਗਰ ਗੁਰੂ ਕਾ ਲੱਭੋ ਪੂਰ ਭੰਡਾਰਾ,
ਫੇਰ ਨਾ ਖਾਹਿਸ਼ ਖੁਧਿਆ ਪਿਆਸ ਸਤਾਵੇ।

ਉਹ ਵਿਰਲਾਪ ਕਰਦੀ ਆਪਣੇ ਗਮ ਵਿਚ ਬੇਹੋਸ਼ ਹੋ ਕੇ ਡਿੱਗ ਪੈਂਦੀ ਹੈ। ਮੇਨਿਕਾ ਆਪਣੀ ਪੁੱਤਰੀ ਦੇ ਦੁਖ ਨੂੰ ਨਾ ਸਹਾਰਦੀ ਹੋਈ ਆਪਣੇ ਦੂਤ ਸਾਰਮਤੀ ਨੂੰ ਭੇਜਦੀ ਹੈ। ਜੋ ਆਪਣੀ ਸ਼ਕਤੀ ਦੁਆਰਾ ਉਸਨੂੰ ਕਸ਼ਯਪ ਰਿਸ਼ੀ ਦੇ ਆਸ਼ਰਮ ਤਪੋਵਨ ਵਿਖੇ ਪਹੁੰਚਾ ਦਿੰਦਾ ਹੈ।

---

1. ਦੁਸ਼ਾਸ਼ਨ — ਦੁਰਯੋਧਨ ਦਾ ਇਕ ਦਰਬਾਰੀ ਜਿਸਨੇ ਦਰੋਪਤੀ ਦੇ ਚੀਰ-ਹਰਣ ਕੀਤੇ।

# 10. ਮੁੰਦਰੀ ਪ੍ਰਾਪਤੀ

ਕੁੰਭਲਕ ਨਾਮੀ ਇਕ ਮਛੇਰਾ।
ਨਦੀ ਦਹਾਨੇ ਜਿਸ ਦਾ ਡੇਰਾ।

ਮੱਛੀਆਂ ਫੜ ਕਰਦਾ ਗੁਜ਼ਰਾਨ।
ਦੌਲਤ ਇਸਦੀ ਨਦੀ ਮਹਾਨ।

ਨਾ ਇਹ ਮੁੱਕੀ ਪਿਉ ਦਾਦੇ ਤੋਂ।
ਨਾ ਇਹ ਮੁੱਕੀ ਪੜਦਾਦੇ ਤੋਂ।

ਕੀ ਕੁੰਭਲਕ ਕੀ ਉਸਦਾ ਪੁੱਤਰ।
ਕੀ ਉਸਦੇ ਪੁੱਤਰ ਦਾ ਪੁੱਤਰ।

ਇਸ ਅਮੁੱਕ ਨੂੰ ਕੌਣ ਮੁਕਾਵੇ।
ਬੇਥਾਹ ਦਾ ਕਿਹੜਾ ਥਾਹ ਪਾਵੇ।

ਇਸ ਵਿਚ ਆਉਂਦੇ ਰੋਜ਼ ਤੂਫਾਨ।
ਇਸ ਵਿਚ ਮੱਛ ਕੱਛ ਹੈਵਾਨ।

ਇਸ ਵਿਚ ਤਰਦੇ ਪੂਰ ਮੁਹਾਣੇ।
ਇਸ ਵਿਚ ਮਾਹਗੀਰ ਜਰਵਾਣੇ।

ਇਸ ਵਿਚ ਮੂੰਗ ਸਿੱਪੀਆਂ ਘੋਗੇ।
ਇਸ ਵਿਚ ਰਤਨ ਕੌਡੀਆਂ ਕੌਡੇ।

ਇਸ ਵਿਚ ਲਾਲ ਜਵੇਹਰ ਹੀਰੇ
ਇਸ ਵਿਚ ਦੱਬੇ ਧਾਤ ਜ਼ਖੀਰੇ।

ਇਸ ਵਿਚ ਮਿੱਟੀ ਰੇਤ ਬਰੇਤੀ।

---

1. ਖੜੀਆਂ, ਧਾਂਡੋ, ਚਿਕਨੇਟੀ — ਮਿੱਟੀ ਦੀਆਂ ਕਿਸਮਾਂ ਹਨ।

ਖੜੀਆਂ ਪਾਂਡੋ ਤੇ ਚਿਕਨੋਟੀ।
ਇਸ ਵਿੱਚ ਪੱਥਰ ਇਸ ਵਿੱਚ ਗੀਟੇ।
ਇਸ ਵਿਚ ਕਛੂਏ ਚੁੱਪ ਚੁਪੀਤੇ।

ਇਸ ਵਿਚ ਸੱਪ ਸਰਾਲਾਂ ਠੂੰਹੇਂ।
ਇਸ ਵਿਚ ਜਾਨ ਖੋਰ ਦੋ-ਮੂੰਹੇਂ।

ਇਸ ਵਿਚ ਬਿੱਛੂਏ ਫੂਕ ਫੁੱਕਾਰਨ।
ਇਸ ਵਿਚ ਤਦੂੰਏ ਤੰਦ ਖਿਲਾਰਨ।

ਕੁੰਭਲਕ ਤੇ ਉਸਦਾ ਪਰੀਵਾਰ।
ਇਸ ਉੱਪਰ ਚਲਦਾ ਰੁਜ਼ਗਾਰ।

ਇਕ ਦਿਨ ਕੁੰਭਲਕ ਚਾਂਈਂ ਚਾਂਈਂ।
ਆਖਿਆ ਆਪਣੇ ਪੁੱਤਰ ਤਾਂਈਂ।

ਚੁੱਕ ਜਾਲ ਕਿਸਮਤ ਅਜਮਾਈਏ।
ਕੁਝ ਮੱਛਲੀਆਂ ਫੜ ਲੈ ਆਈਏ।

ਠੰਢੀ ਸੀਤ ਵਾ ਪਈ ਵੱਗੇ।
ਤੁਰ ਪਏ ਉਹ ਹੋ ਪਿੱਛੇ ਅੱਗੇ।

ਲੰਘ ਸਰਕੜਾ ਤੇ ਲੰਘ ਦਲਦਲ।
ਪਹੁੰਚੇ ਨਦੀ ਦਹਾਨੇ ਉਹ ਚੱਲ।

ਸੁੱਟ ਜਾਲ ਤੇ ਲਾਈਆਂ ਫਾਹੀਆਂ।
ਮੱਛੀਆਂ ਪਾਈਆਂ ਹਾਲ ਦੁਹਾਈਆਂ।

## ਮੱਛੀਆਂ

ਅਸੀਂ ਮੱਛੀਆਂ ਵੇ ਲੋਕਾਂ।
(ਪਰ) ਦੁਨੀਆਂ ਦੇ ਬੰਦਿਆ ਤੋਂ।
ਅਸੀਂ ਸੌ ਸੌ ਅੱਛੀਆਂ।
ਅਸੀਂ ਜੰਮੀਏ ਪਾਣੀ।
ਅਸੀਂ ਪਲੀਏ ਪਾਣੀ।

ਅਸੀਂ ਰਹੀਏ ਪਾਣੀ।
ਸਦਾ ਵਸੀਏ ਪਾਣੀ।
ਸਾਡਾ ਏਹੋ ਹੀ ਬਚਪਨ।
ਸਾਡੀ ਏਹੋ ਜਵਾਨੀ।
ਕਦੀ ਧਰਤ ਤੇਰੀ ਤੇ ਵੇ।
ਅਸੀਂ ਪੈਰ ਨਾ ਪਾਏ।
ਤੂੰ ਫਿਰ ਵੀ ਕੁੰਡੀਆਂ।
ਕਿਉਂ ਕਸੀਆਂ ਵੇ ਲੋਕਾ ....................?
ਅਸੀਂ ਸੜਦੇ ਪਾਣੀ।
ਅਸੀਂ ਬਲਦੇ ਪਾਣੀ।
ਕਦੀ ਘੋਰ ਸਿਆਲੇ।
ਜੰਮ ਜਾਂਦੇ ਪਾਣੀ।
ਵਿਚੇ ਜੰਮ ਜਾਂਦੇ[1]।
ਸਾਡੇ ਕੋਮਲ ਬੱਚੇ।
ਵਿਚੇ ਗਲ ਜਾਂਦੀ।
ਸਾਡੀ ਅਹਿਲ ਜਵਾਨੀ।
ਅਸੀਂ ਰੋਹੜੂ ਦਰਿਆ।
ਅਸੀਂ ਖਾਰੇ ਸਾਗਰ।
ਪਰ ਜ਼ਾਲਮ ਜੱਗ ਤੋਂ।
ਨਾ ਬਚੀਆਂ ਵੇ ਲੋਕਾਂ .................................?
ਅਸੀਂ ਮੱਛੀਆਂ ਵੇ ਲੋਕਾ।
ਅਸੀਂ ਮੱਛੀਆਂ ਵੇ ਲੋਕਾ।

## ਮਛੇਰਾ

ਅਸੀਂ ਗ਼ਰੀਬ ਮਛੇਰੇ ਨੀ।
ਅਸੀਂ ਦਰਦਾਂ ਘੇਰੇ।
ਸਾਨੂੰ ਵਸਣ ਨੀ ਦਿੰਦੇ ਨੀ।
ਜਾਲਮ ਇਹ ਲੁਟੇਰੇ।
ਸੌ ਪਾਪੜ ਵੇਲੇ ਨੀ।

1. ਵਿਗਿਆਨਿਕ ਦ੍ਰਿਸ਼ਟੀ ਤੋਂ ਭਾਵੇਂ ਇਹ ਖ਼ਿਆਲ ਠੀਕ ਨਹੀਂ ਹੈ। ਫਿਰ ਵੀ, ਇਸਨੂੰ ਕਾਵਿਕ ਭਾਵਕਤਾ ਦਾ ਨਾਮ ਦਿੱਤਾ ਜਾ ਸਕਦਾ ਹੈ।

ਸੌ ਕੀਤੇ ਕਾਰੇ।
ਜ਼ੁਲਮਾਂ ਨੇ ਨੋਚ ਲਏ।
ਸਾਡੇ ਜਿਗਰੇ ਭਾਰੇ।
ਕਈ ਦੇਵ ਵੀ ਪੂਜੇ ਨੀ।
ਰਾਖਸ਼ ਲਲਕਾਰੇ।
ਅਸੀਂ ਦਰਿਆ ਚੀਰੇ ਨੀ।
ਅਸੀਂ ਪਰਬਤ ਪਾੜੇ।

ਇਕ ਮੁੱਠੀ ਭਰ ਦਾਣੇ,
ਇਕ ਬੁਰਕੀ ਰੋਟੀ ਦੀ,
ਅਸੀਂ ਮਰ ਕਮਾਈ ਜੇ,
ਕੀ ਕਰੀਏ ਸਕਤੇ ਨੀ,
ਝੱਟ ਮਾਰਨ ਧਾੜੇ।
ਕੀ ਕਰੀਏ ਥਾਂ ਥਾਂ ਤੇ,
ਡੰਗਦੇ ਇਹ ਸਪੇਰੇ।
ਅਸੀਂ ਗ਼ਰੀਬ ਮਛੇਰੇ ਨੀ .........................
ਅਸੀਂ ਜੰਮੇ ਗੁਲਾਮੀ ਨੀ,
ਅਸੀਂ ਪਲੇ ਗੁਲਾਮੀ।
ਸਾਡੀ ਜੰਮਦਿਆਂ ਦੀ ਹੀ,
ਹੋ ਗਈ ਨਿਲਾਮੀ।
ਸਾਡੀ ਮਰ ਜਮੀਰ ਗਈ,
ਅਸੀਂ ਹੋਏ ਹਰਾਮੀ।
ਸਾਡੇ ਪਿੱਤੇ ਪੱਥਰ ਦੇ,
ਸਾਡੇ ਹਿਰਦੇ ਖਿੰਗਰ।
ਇਹ ਅਰਜ ਤੇਰੀ ਦਿਲ ਤੇ,
ਕੋਈ ਅਸਰ ਨਾ ਕੇਰੇ।
ਅਸੀਂ ਗ਼ਰੀਬ ਮਛੇਰੇ ਨੀ .........................
ਅਸੀਂ ਦਰਦਾਂ ਘੇਰੇ .............................
ਇਉਂ ਕਹਿ ਉਸਨੇ ਕੁੰਡੀਆਂ ਕਸੀਆਂ।
ਕੁੱਝ ਮਛਲੀਆਂ ਸੀ ਆ ਫਸੀਆਂ।
ਖਿੱਚ ਜਾਲ ਨੂੰ ਕੀਤਾ ਬਾਹਰ।

ਜਾਣ ਮਛਲੀਆਂ ਨੱਸ ਹੁਣ ਕਿੱਧਰ
ਕੱਢ ਮਛਲੀਆਂ ਪਾਈਆਂ ਬੋਝੇ।
ਝਾੜ ਜਾਲ ਨੂੰ ਸੁਟਿਆ ਮੋਢੇ।
ਲੰਘ ਦਲਦਲ ਤੇ ਲੰਘ ਸਰਕੜਾ।
ਲੰਘਦੇ ਝਿੜੀਆਂ ਮਲ੍ਹੇ ਪਲਾਹ.
ਠੰਡੀ ਸੀਤ ਸ਼ਾਮ ਨੂੰ ਚੀਰ।
ਆ ਪੁੱਜੇ ਉਹ ਘਰੇ ਅਖੀਰ।

ਤੁੱਕ ਸੁਆਣੀ ਆਈ ਬਾਹਰ।
ਕਰਨ ਰਸੋਈ ਲੱਗੀ ਆਹਰ।
ਫੜ ਹੱਥ ਵਿਚ ਇਕ ਦਾਤਰ ਤਿੱਖਾ।
ਇਕ ਦਾ ਪੇਟ ਪਾੜ ਦੋ ਕੀਤਾ।
ਸਾਰ ਚੀਰਦੀ ਹੋਈ ਹੈਰਾਨੀ।
ਉਸ ਵਿਚ ਮੁੰਦਰੀ[1] ਪ੍ਰੇਮ ਨਿਸ਼ਾਨੀ।

ਦੇਣ ਵਾਲੇ ਦੇ ਰੰਗ ਅਨੋਖੇ।
ਦੇਣ ਵਾਲੇ ਦੇ ਢੰਗ ਅਨੋਖੇ।
ਦੇਣ ਵਾਲੇ ਦੇ ਰਾਹ ਨਿਆਰੇ।
ਦੇਣ ਵਾਲੇ ਦੇ ਵਾਰੇ ਵਾਰੇ।
ਦੇਣ ਵਾਲੇ ਦੇ ਚੋਜ ਨਿਰਾਲੇ।
ਸਾਕੀ ਭਰ ਭਰ ਦਏ ਪਿਆਲੇ।
ਦੇਣ ਵਾਲੇ ਦੀਆਂ ਦੂਰ ਬਲਾਈ।
ਉਸਦੀਆਂ ਉਹ ਜਾਣੇ ਸਾਈ।'

ਰਾਤੀਂ ਨੀਂਦ ਖੁਸ਼ੀ ਨਾ ਪੈਂਦੀ।
ਰਹੀ ਸੁਆਣੀ ਉੱਠਦੀ ਬਹਿੰਦੀ।
ਪਹਿਲੇ ਪਹਿਰ ਨਾ ਮੁੱਕੀਆਂ ਗੱਲਾਂ।
ਦੂਜੇ ਪਹਿਰ ਨੀਂਦ ਦੀਆਂ ਛੱਲਾਂ।
ਤੀਜੇ ਪਹਿਰ' ਚ ਸੁਪਨ ਸਕੀਮਾਂ।

ਮੁੰਦਰੀ—ਇਹ ਉਹੀ ਮੁੰਦਰੀ ਸੀ ਜੋ ਦੁਸ਼ਿਅੰਤ ਨੇ ਸ਼ਕੁੰਤਲਾ ਨੂੰ ਦਿੱਤੀ ਸੀ, ਅਤੇ ਜੋ ਰਸਤੇ ਵਿੱਚ ਨਦੀ ਵਿਚੋ ਲੰਘਦਿਆ ਸ਼ਕੁੰਤਲਾ ਦੀ ਉਂਗਲੀ ਵਿਚੋ ਡਿੱਗ ਪਈ ਸੀ ਅਤੇ ਜਿਸਨੂੰ ਕਿਸੇ ਜੀਵ ਦੇ ਭੁਲੇਖੇ ਇਹ ਮੱਛਲੀ ਨਿਗਲ ਗਈ ਸੀ। ਜਿਸ ਵੱਲੋ ਸਕੁੰਤਲਾ ਬੇ-ਖਬਰ ਸੀ।

ਪਲ ਪਲ ਵਿਚ ਸੌ ਸੌ ਤਰਮੀਮਾਂ।
ਚੌਥੇ ਸ਼ੋਰ ਘੰਟਿਆ ਪਾਇਆ।
ਕੁੱਕੜ ਬਾਂਗਾਂ ਆਣ ਜਗਾਇਆ।
ਉੱਠੇ ਰਾਮ ਨਾਮ ਜਸ ਗਉਂਦੇ।
ਫੜ ਮੁੰਦਰੀ ਨੂੰ ਮਸਤਕ ਲਉਂਦੇ।
ਪਹੁ ਫੁਟਾਲੇ ਕਰਨ ਦੁਆਈਂ।
ਮੁੰਦਰੀ ਦੇਖਣ ਚਾਈਂ-ਚਾਈਂ।
ਸਰਘੀ ਵੇਲਾਂ ਮਸਾਂ ਲੰਘਾਇਆ।
ਰੋਟੀ ਟੁੱਕ ਖਾਇਆ ਨਾ ਖਾਇਆ।
ਬੰਨ੍ਹ ਮੁੰਦਰੀ ਲੜ ਸਾਂਭ ਲੰਗੋਟੀ।
ਤੁਰਿਆ ਕੁੰਭਲਕ ਫੜ ਹੱਥ ਸੋਟੀ।
ਰਸਤਾ ਸ਼ਹਿਰ ਨਗਰ ਦਾ ਫੜਿਆ।
ਆਕੇ ਵਿਚ ਬਜ਼ਾਰੀਂ ਵੜਿਆ।
ਲੋਕਾਂ ਕੋਲੋਂ ਅੱਖ ਬਚਾਉਂਦਾ।
ਘੜੀ ਮੁੜੀ ਮੁੰਦਰੀ ਨੂੰ ਟੋਂਹਦਾ।
ਕੁੱਝ ਥੱਕਿਆ ਕੁਝ ਜਕਿਆ ਜਕਿਆ।
ਹੱਟ ਸਰਾਫਾਂ ਦੀ ਜਾ ਰੁਕਿਆ।
ਕੰਬਦੇ ਹੱਥੀਂ ਖੋਹਲ ਲੰਗੋਟੀ।
ਕੱਢੀ ਸ਼ਾਹੀ ਬਾਹਰ ਅੰਗੂਠੀ।
ਕੱਢ ਸਰਾਫ ਦੇ ਹੱਥ ਫੜਾਈ।
ਕੰਬਿਆ ਸ਼ਾਹ! ਕੀ ਆਫਤ ਆਈ!!
ਉਸ ਉਪਰ ਸੀ ਸਾਫ ਉਕਰਿਆ।
ਨਾਂ ਰਾਜੇ ਦਾ ਉਸਨੇ ਪੜ੍ਹਿਆ।
ਬੋਲਿਆ ਉਸ ਵੱਲ ਤੌਰ ਭੁਆ ਕੇ।
ਕੀ ਅਣ ਹੋਈਆਂ ਕਰਦਾਂ ਆ ਕੇ।
ਉਪਰੋਂ ਰੂਪ ਦਿਸੇਂ ਮਛਿਆਰੇ।
ਸ਼ਾਹੀ ਖਜ਼ਾਨੇ ਡਾਕੇ ਮਾਰੇਂ?
ਇਹ ਰਾਜੇ ਦੀ ਮੁੰਦਰੀ ਭਾਈ।
ਦੱਸ ਤੂੰ ਕਿਥੋਂ ਕਿਵੇਂ ਚੁਰਾਈ?
ਵਾਹ ਕਿਸਮਤ ਕੀ ਖੇਲ੍ਹ ਰਚਾਇਆ।
ਸੁਣ ਕੇ ਗੱਲ ਕੁੰਭਲਕ ਘਬਰਾਇਆ।
ਲੈਣੇ ਦੀਆਂ ਦੇਣੀਆਂ ਪੈ ਗਈਆਂ।

ਸਭ ਸ਼ਕੀਮਾਂ ਖੂਹੇ ਪਈਆਂ।
ਕੀ ਆਖੇ ਤੇ ਕਿਵੇਂ ਸੁਣਾਵੇ।
ਕਿਵੇਂ ਹਕੀਕਤ ਨੂੰ ਸਮਝਾਵੇ।
ਡੌਰ ਭੌਰ ਤੇ ਸੁੰਨ ਮਸੁੰਨ।
ਹੋ ਖੜ੍ਹਿਆ ਉਹ ਟੁੰਨ ਮਟੁੰਨ।

ਝੱਟ ਸਰਾਫ ਨੇ ਸੱਦ ਸਿਪਾਹੀ।
ਮੁੰਦਰੀ ਉਨ੍ਹਾਂ ਹੱਥ ਫੜਾਈ।
ਕਰਕੇ ਕੁੰਭਲਕ ਵੱਲ ਇਸ਼ਾਰਾ।
ਇਹ ਚੋਰ ਪਾਪੀ ਹਤਿਆਰਾ।
ਸ਼ਾਹੀ ਖਜਾਨੇ ਇਸ ਸੰਨ੍ਹ ਲਾਇਆ।
ਰਾਜ ਮੁੰਦਰੀ ਚੁਰਾ ਲਿਆਇਆ।
ਹੋਰ ਮਾਲ ਵੀ ਹੋਊ ਬਥੇਰਾ।
ਪਕੜੋ ਇਸਨੂੰ ਕਰਕੇ ਜੇਰਾ।
ਇਸ ਨੂੰ ਪੋਲੇ ਹੱਥ ਨਾ ਪਾਵੋ।
ਬੰਨ੍ਹ ਕੇ ਮੁਸ਼ਕਾਂ ਧੂਹ ਲੈ ਜਾਵੋ।
ਝੱਟ ਬੇੜੀਆਂ ਤੇ ਹੱਥਕੜੀਆਂ।
ਉਹਨਾਂ ਨੇ ਕੁੰਭਲਕ ਦੇ ਜੜੀਆਂ।
ਤੋਰ ਲਿਆ ਮਹਿਲਾਂ ਦੇ ਰਾਹ।
ਮਗਰ ਹਜੂਮ ਲੱਗਾ ਵਾਹ-ਵਾਹ।
ਜਿਉਂ-ਜਿਉਂ ਆਉਂਦੀ ਜਾਏ ਕਚਹਿਰੀ।
ਵਧਦੀ ਜਾਵੇ ਭੀੜ ਘਨੇਰੀ।
ਹੱਸਦੇ ਜਾਣ ਤੇ ਖਿਲੀਆਂ ਪਾਵਣ।
ਇਕ ਦੂਜੇ ਨੂੰ ਆਖ ਸੁਨਾਵਣ।
ਇਹ ਕੋਈ ਡਾਕੂ ਚੋਰ ਲੁਟੇਰਾ।
ਇਹ ਸ਼ੈਤਾਨ ਦਾ ਵੱਡਾ-ਵਡੇਰਾ।"
"ਇਹ ਤਾਂ ਅੱਖ ਕਨੱਖੀ ਝਾਕੇ,
ਇਹ ਤਾਂ ਮਹਿਲੀਂ ਮਾਰੇ ਡਾਕੇ।"
"ਉਪਰੋ ਕੀ ਇਸ ਰੂਪ ਵਟਾਇਆ,
ਇਹ ਤਾਂ ਲੁੱਟਦਾ ਮਾਲ ਸਵਾਇਆ।"
"ਇਹ ਕੋਈ ਵੱਡਾ ਅਪਰਾਧੀ,
ਇਸਨੇ ਦੁਨੀਆਂ ਲੁਟ ਕੇ ਖਾਧੀ।"
"ਇਹ ਤਾਂ ਨਿੱਤ ਲੁੱਟਾਂ ਲੁੱਟਦਾ ਸੀ,

ਮੈਨੂੰ ਤਾਂ ਪਹਿਲਾਂ ਹੀ ਪਤਾ ਸੀ।"
"ਇਸਦੇ ਘਰ ਨੂੰ ਤਾਲੇ ਲਾਓ,
ਇਸਦੀ ਸੁਆਣੀ ਨੂੰ ਫੜ ਲਿਆਓ।"
"ਇਸ ਦੇ ਘਰ ਦੀ ਲਵੋ ਤਲਾਸ਼ੀ,
ਨਿਕਲੂ ਮਾਲ ਲੁੱਟ ਦਾ ਖਾਸੀ।"
"ਇਸ ਦੇ ਘਰ ਨੂੰ ਲਾ ਲਓ ਨਾਕੇ,
ਕਰ ਨਾ ਜਾਏ ਮਾਲ ਕੋਈ ਪਾਸੇ।"
ਭੇਜੋ ਕੁਮਕ ਸਖਤ ਘਨੇਰੀ।
ਇਸ ਨੇ ਊਧ ਮਚਾਈ ਨ੍ਹੇਰੀ।
ਕਿਸੇ ਗਰੋਹ ਦਾ ਇਹ ਸਰਦਾਰ।
ਇਹ ਕੋਈ ਗੱਬਰ ਸਿੰਘ ਖੂੰ-ਖਾਰ।
ਇਹ ਕੋਈ ਤਸਕਰ ਹੈ ਬਦਨਾਮ।
ਇਹ ਕੋਈ ਹਾਜੀ ਮਸਤਾਨ।
ਇਹ ਕੋਈ ਅਗਵਾਕਾਰ ਹਵਾਈ।
ਇਹ ਤਾਂ ਹੈ ਕੋਈ ਪਾਂਡੇ ਭਾਈ[1]।
ਇਹ ਕੋਈ ਜ਼ਹਿਰੀ ਨਾਗ ਗੁਸੈਲਾ।
ਇਹ ਸੰਤਾਂ ........... ਦਾ ਕੋਈ ਚੇਲਾ।
ਇਉਂ ਗੱਲਾਂ ਕਰਦੀ ਲੋਕਾਈ।
ਜਾਵੇਂ ਪਿੱਛੇ ਦੂਣ ਸਵਾਈ।
ਕਿਥੋਂ ਚੱਲ ਕਿਥੇ ਗੱਲ ਆਈ।
ਜਾਵੇ ਕੁੰਭਲਕ ਨੀਵੀਂ ਪਾਈ।

ਇਉਂ ਕੁੰਭਲਕ ਨੂੰ ਧੱਕੇ ਮਾਰ।
ਖਿੱਚੀ ਜਾਣ ਪਿਆਦੇ ਚਾਰ।
ਖਿਚ ਧੂਹ ਕੇ ਆਖਾਰ ਕਾਰ।
ਪਹੁੰਚੇ ਰਾਜੇ ਦੇ ਦਰਬਾਰ।
ਮਹਾਰਾਜ! ਕਰਕੇ ਬਹੁ-ਜੇਰਾ।
ਫੜਿਆ ਹੈ ਇਕ ਵੱਡਾ ਲੁਟੇਰਾ।
ਖਾਸ ਤੁਸੀਂ ਜੋ ਸੀ ਬਣਵਾਈ।
ਉਹ ਮੁੰਦਰੀ ਹੈ ਏਸ ਚੁਰਾਈ।
ਬੋਲੇ ਨਾਲ ਹੰਕਾਰ ਪਿਆਦਾ।

1. **ਪਾਂਡੇ ਭਾਈ-** ਪਾਂਡੇ ਭਰਾ ਜਿਨ੍ਹਾਂ ਨੇ ਜਨਤਾ ਸਰਕਾਰ ਵੇਲੇ ਸ਼੍ਰੀਮਤੀ ਇੰਦਰਾ ਗਾਂਧੀ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਇਕ ਜਹਾਜ਼ ਅਗਵਾ ਕੀਤਾ ਸੀ।

ਇਹ ਤਾਂ ਚੋਰ ਕੋਈ ਹੈ ਡਾਢਾ।
ਇਉਂ ਕਹਿ ਨਾਲ ਸ਼ਾਹਨਾ ਰੀਤੀ।
ਮੁੰਦਰੀ ਪੇਸ਼ ਰਾਜੇ ਨੂੰ ਕੀਤੀ।

ਮੁੰਦਰੀ ਦਿੱਤੀ ਦੇਖ ਨਿਸ਼ਾਨੀ,
ਰਾਜਾ ਹੋ ਗਿਆ ਪਾਣੀ-ਪਾਣੀ
ਆਈ ਤ੍ਰੇਲੀ ਚੜ੍ਹਿਆ ਸਾਹ।
ਦਿਲ ਦੇ ਹਰੇ ਹੋ ਗਏ ਘਾਹ।
ਹੋਇਆ ਦੂਰ ਰਿਖੀ ਦਾ ਸਰਾਪ।
ਰਾਜਾ ਕਰਨ ਲੱਗਾ ਪਸ਼ਤਾਪ।
ਝੁੱਲੇ ਮਨ ਵਿਚ ਝੱਖੜ ਡਾਢੇ।
ਯਾਦ ਆ ਗਏ ਕੀਤੇ ਵਾਅਦੇ।
ਆ ਗਈ ਭੁੱਲੀ ਯਾਦ ਕਹਾਣੀ।
ਦਿਲ ਵਿਚ ਜਾਗੀ ਪ੍ਰੀਤ ਪੁਰਾਣੀ।
ਹੁਣ ਵਿਗੜੀ ਮੈਂ ਕਿਵੇਂ ਬਣਾਵਾਂ।
ਕਿਵੇਂ ਸਮੇਂ ਨੂੰ ਮੋੜ ਲਿਆਵਾਂ।
ਮਨ ਦੇ ਵਹਿਣੀ ਉਹ ਵਹਿ ਤੁਰਿਆ।
ਨਦੀ ਖਿਆਲਾਂ ਦੀ ਜਾ ਰੁੜ੍ਹਿਆ।
ਆਖ਼ਰ ਨੂੰ ਕਰ ਕੇ ਕੁਝ ਖਿਆਲ।
ਬੋਲਿਆ ਰਾਜਾ ਹੋਸ਼ ਸੰਭਾਲ।

ਸਣੇ ਮਛੇਰਾ ਸਣੇ ਸਰਾਫ਼।
ਲੈ ਜੋ ਵਿਚ ਖ਼ਜਾਨੇ ਖ਼ਾਸ।
ਭਰ ਦਿਓ ਝੋਲੀਆਂ ਖੁਲ੍ਹੇ ਆਮ।
ਦੇ ਦਿਓ ਮੂੰਹ ਮੰਗੇ ਇਨਾਮ।

ਲੱਗਾ ਰਾਜਾ ਰਹਿਣ ਉਦਾਸ।
ਥਿਰ ਨਾ ਰਹਿੰਦੇ ਹੋਸ਼ ਹਵਾਸ।
ਨਾ ਹੁਣ ਨਿੱਤ ਸਜੇ ਦਰਬਾਰ।
ਨਾ ਜੰਤਾ ਦੀ ਸੁਣੇ ਪੁਕਾਰ।
ਨਾ ਹੁਣ ਕੋਈ ਸਜੇ ਦੀਵਾਨ।
ਨਾ ਹੁਣ ਕਥਾ ਕੋਈ ਵਿਖਿਆਨ।
ਨਾ ਕੋਈ ਢੋਲੀ ਢੋਲ ਵਜਾਵੇ।
ਨਾ ਕੋਈ ਗੀਤ ਰਬਾਬੀ ਗਾਵੇ।

ਨਾ ਸਾਰੰਗੀ ਮਿੱਠੇ ਤਾਣ।
ਨਾ ਗ਼ਜ ਗ਼ਜ਼ਲਾਂ ਕੱਢ ਲਿਆਣ।
ਨਾ ਕੋਈ ਝਾਂਜਰ ਦੀ ਛਣਕਾਰ।
ਨਾ ਕੋਈ ਘੁੰਗਰੂ ਦੀ ਟੁਣਕਾਰ।
ਕਵੀ ਨਾ ਗੱਲ ਦਿਲਾਂ ਦੀ ਕਹਿੰਦੇ।
ਨਾ ਹੁਣ ਮਨ ਪਰਚਾਣ ਸਾਜਿੰਦੇ।

ਗਾਣ ਕੱਵਾਲ ਨੇ ਕਿਤੇ ਕੱਵਾਲੀ।
ਨਾ ਕੋਈ ਤਾਲ ਮਿਲਾਵੇ ਤਾਲੀ।
ਚੂੜੇ ਵਾਲੀ ਬਾਂਹ ਉਲਾਰ।
ਗਾਵੇ ਨਾ ਹੁਣ ਕੋਈ ਨਾਰ।
ਨਾ ਕਸਰਤ ਕਰਦੇ ਭਲਵਾਨ।
ਬਣ ਅਖਾੜੇ ਗਏ ਸ਼ਮਸ਼ਾਨ।
ਚਾੜ੍ਹ ਮੁਛਹਿਰੇ ਬੈਹਣ ਨਾ ਸੂਰੇ।
ਸ਼ਾਹੀ ਕਾਇਦੇ ਨਿਯਮ ਅਧੂਰੇ।
ਨਾ ਹਿਣਕਣ ਤਬੇਲੀਂ ਘੋੜੇ।
ਹਾਥੀ ਬੈਠਣ ਸੌੜੇ-ਸੌੜੇ।
ਨਾ ਹੁਣ ਚੱਲਦੇ ਦੌਰ ਸ਼ਰਾਬ।
ਨਾ ਹੁਣ ਮੁਰਗੇ ਬਣਨ ਕਬਾਬ।
ਮਹਿਲਾਂ ਵਿਚ ਨਾ ਬਣੇ ਰਸੋਈ।
ਦਿੱਸੇ ਨਾ ਬਾਵਰਚੀ ਕੋਈ।
ਲੱਗੇ ਇੰਝ ਰਾਜ ਦਰਬਾਰ।
ਮਾਰੂਥਲ ਕੋਈ ਜਿਵੇਂ ਉਜਾੜ।
ਕੋਈ ਦੂਤ ਨਾ ਕੋਈ ਗੁਲਾਮ।
ਦੇਵੇ ਨਾ ਕੋਈ ਆਣ ਪੈਗਾਮ।
ਚਿੱਤ ਨਾ ਲੱਗੇ ਵਿਚ ਰਣਵਾਸ।
ਸੁੰਨੀਆਂ ਗਲੀਆਂ ਮਹਿਲ ਉਦਾਸ।

ਰਾਜਾ ਚਲਿਆ ਬਾਗੇ ਵੱਲ।
ਸ਼ਾਇਦ ਕੋਈ ਬਣ ਆਵੇ ਗੱਲ।
ਰਸਤਾ ਜੋ ਜਾਂਦਾ ਸੀ ਬਾਗ਼।
ਜਾਪੇ ਉਹ ਕੋਈ ਸੁੱਤਾ ਨਾਗ।
ਰਸਤੇ ਵਿਚ ਜਿੰਨੇ ਵੀ ਰੁੱਖ,

ਸਭ ਨੂੰ ਲੱਗਿਆ ਜਾਪੇ ਦੁੱਖ।
ਬਾਗੇ ਦੇ ਪਹੁੰਚਾ ਦਰਵਾਜ਼ੇ।
ਫਿੱਕੇ ਲੱਗਣ ਵੱਜਦੇ ਵਾਜੇ।
ਹੂਰਾਂ ਨੇ ਆ ਸੀਸ ਨਿਵਾਏ।
ਪਰ ਰਾਜੇ ਨੂੰ ਰਾਸ ਨਾ ਆਏ।
ਜਿੰਨੇ ਭੇਟ ਹੋਏ ਗੁਲਦਸਤੇ।
ਸਭ ਰਾਜੇ ਨੂੰ ਜਾਪਣ ਸਸਤੇ।

ਕਲੀਆਂ ਵੰਡਣ ਨਾ ਮੁਸਕਾਣਾਂ।
ਹਰ ਫੁੱਲ ਜਾਪੇ ਅੱਧੋਰਾਣਾ।
ਖਿੜਿਆ ਨਾ ਕੋਈ ਘੁੱਗ ਗੁਲਾਬ।
ਤ੍ਰੇਲਾਂ ਵਿਚ ਨਾ ਦਿਸੇ ਸ਼ਰਾਬ।
ਗੇਂਦਾ ਨਾ ਕੋਈ ਰੰਗ ਚੰਬੇਲੀ।
ਨਾ ਕੋਈ ਭੌਰ ਕਰੇ ਅਠਖੇਲੀ।
ਵੇਲਾਂ ਆਪਣੇ ਛੱਡ ਸਹਾਰੇ।
ਡਿੱਗੀਆਂ ਵਾਂਗਰ ਢੱਠੇ ਢਾਰੇ।
ਤੱਕਲੇ ਤੰਦਾਂ ਗਈਆਂ ਗੁਆਚ,
ਭੁੱਲ ਗਈਆਂ ਕੱਤਣ ਦੀ ਜਾਚ।
ਬਾਗੀਂ ਪੈਲਾਂ ਪਾਉਣ ਨਾ ਮੋਰ।
ਪੰਛੀ ਚਹਿਕਣ ਕਰਨ ਨਾ ਸ਼ੋਰ।
ਚਕਵੀ ਸੂਰਜ ਚੰਦ ਚਕੋਰ।
ਜਾਪਣ ਜਿਉਂ ਜੰਗਲ ਦੇ ਢੋਰ।
ਕੁਦਰਤ ਵੀ ਜਾਪੇ ਉਦਾਸ।
ਰਾਜਾ ਬੈਠਾ ਹੋ ਨਿਰਆਸ।

ਕਿਸੇ ਮੁਸੱਵਰ ਨੂੰ ਬੁਲਵਾਓ।
ਇਕ ਸੁਹਣੀ ਤਸਵੀਰ ਬਣਾਓ।
ਨਦੀ ਮਾਲਿਨੀ ਵਗਦੀ ਹੋਵੇ।
ਸਪਣੀ ਵਾਂਗਰ ਲੱਗਦੀ ਹੋਵੇ।
ਉਸ ਦੇ ਨਾਲ ਮੁਹਾਣੇ ਲੱਗਦਾ।
ਆਸ਼ਰਮ ਹੋਵੇ ਇਕ ਮੁਨਿਵਰ ਦਾ।
ਕੋਇਲਾਂ ਬੋਲਣ ਮਿੱਠੇ ਬੋਲ।

ਹੋਏ ਸ਼ਾਂਤੀ ਚਿੱਤ ਅਡੋਲ।
ਪਹਾੜਾਂ ਦੀ ਇਕ ਹੋਏ ਕਤਾਰ।
ਉਸ ਉੱਪਰ ਮਿਰਗਾਂ ਦੀ ਡਾਰ।
ਇਕ ਮਿਰਗਾਣੀ ਮ੍ਰਿਗ ਦੇ ਕੋਲ।
ਬੱਚੜੇ ਦੇ ਸੰਗ ਕਰੇ ਕਲੋਲ।
ਆਪਣੀ ਨਾਲ ਸਿੰਙੀਂ ਉਹ ਖੱਬੀ।
ਖੁਰਕੇ ਅੱਖ ਓਸ ਦੀ ਸੱਜੀ।
ਵਲਕਲ ਦੇ ਪੱਤਿਆਂ ਸੰਗ ਸੱਜੀ।
ਇਕ ਮੱਮਟੀ ਹੋਏ ਫੁੱਲਾਂ ਕੱਜੀ।
ਸਬਜ਼ਾ ਉਪਵਨ ਹੋਵੇ ਸੋਹਣਾ।
ਵਾਤਾਵਰਨ ਹੋਏ ਮਨ ਮੋਹਣਾ।

ਉਪਵਨ ਦੇ ਵਿਚ ਸਖੀਆਂ ਹੋਵਨ।
ਹੂਰਾਂ ਜੋਬਨ ਮਤੀਆਂ ਹੋਵਨ।
ਹੋਣ ਕਰਦੀਆਂ ਉਹ ਚੁਲਬਲੀਆਂ।
ਮਧੂਮੱਖੀਆਂ ਜਿਉਂ ਛਤਿਓਂ ਹਿੱਲੀਆਂ।
ਸਖੀਆਂ ਦੀ ਇਕ ਹੋਵੇ ਰਾਣੀ।
ਵੇਲਾਂ ਨੂੰ ਹੋਏ ਪਾਉਂਦੀ ਪਾਣੀ।
ਢੱਕੀ ਉਸ ਦੀ ਗਾਗਰ ਹੋਵੇ।
ਕੋਈ ਪਿਆਰ ਦਾ ਸਾਗਰ ਹੋਵੇ।
ਮੋਢੇ ਉਸ ਦੇ ਹੋਣ ਨਿਵਾਏ।
ਉਹ ਫੁੱਲਾਂ ਨੂੰ ਪਾਣੀ ਪਾਏ।
ਜੂੜਾ ਥੋੜਾ ਹੋਏ ਢਿਲਕਿਆ।
ਜਿਉਂ ਗੋਦੀ ਵਿਚ ਬਾਲ ਲਿਲਕਿਆ।
ਗਰਦਨ ਝੁਕੀ ਹੋਵੇ ਕੁੱਝ ਅੱਗੇ।
ਭਾਰ ਹਿੱਕਾਂ ਦਾ ਡਿੱਗਦਾ ਲੱਗੇ।
ਸ਼ੈਵਾਲ ਘਾਹ ਦੀ ਅੰਗੀ ਹੋਵੇ।
ਕੁੱਝ ਕੁ ਹਿੱਕੜੀ ਨੰਗੀ ਹੋਵੇ।
ਵਲਕਲ ਦੀ ਹੋਵੇ ਤਨਵੰਗੀ।
ਐਪਰ ਧੁੰਨੀ ਹੋਵੇ ਨੰਗੀ।
ਤਿੰਨ ਚੌਥਾਈ ਰੇਸ਼ੋ ਪਾਵੇ।
ਪਾਸੇ ਪਰਨੇ ਖੜੀ ਦਿਖਾਵੇ।
ਤੋਤੇ ਦੀ ਚੁੰਝ ਵਰਗਾ ਨੱਕ।

ਪਾਰੇ ਰੰਗੀ ਹੋਵੇ ਅੱਖ।
ਠੋਡੀ ਹੋਵੇ ਵਾਂਗ ਬਦਾਮ।
ਹੋਵਣ ਬੁੱਲ੍ਹ ਨਸ਼ੀਲੇ ਜਾਮ।
ਗੋਲ ਅੰਗ ਹੋਵਣ ਬਰਫੀਲੇ।
ਸੂਲੀ ਵਾਂਗਰ ਤੀਰ ਨੁਕੀਲੇ।
ਤਿੱਖੇ ਨਕਸ਼ ਤੇ ਗੱਲ੍ਹਾਂ ਗੋਲ।
ਪਰ ਲੱਗਦੀ ਹੋਵੇ ਅਨਭੋਲ।
ਲੱਗੇ ਉਹ ਇੰਝ ਅਲਪੱਗ।
ਕੱਖਾਂ ਹੇਠਾਂ ਛੁਪਾਈ ਅੱਗ।
ਕੋਲੇ ਹੋਣ ਹੋਰ ਦੋ ਸਖੀਆਂ।
ਜਿਵੇਂ ਹੁਸਨ ਦੀ ਰਾਖੀ ਰੱਖੀਆਂ।
ਮੁਸ਼ੱਵਰ ਨੇ ਤਸਵੀਰ ਬਣਾ ਕੇ।
ਰਾਜੇ ਅੱਗੇ ਰੱਖੀ ਟਿਕਾ ਕੇ।

ਇਹ ਤਾਂ ਮੇਰੇ ਮਨ ਨੂੰ ਭਾਉਂਦੀ।
ਪਰ ਕੋਈ ਕਮੀ ਨਜਰ ਹੈ ਆਉਂਦੀ।
ਹਾਂ-ਹਾਂ ਆਇਆ ਹੁਣੇ ਖਿਆਲ।
ਆਪਣੀ ਛੁਹ ਬੁਰਸ਼ ਦੇ ਨਾਲ।
ਭੌਰਾ ਕੋਈ ਕਰੋ ਦੁਆਲੇ,
ਜੋ ਉਪਵਨ' ਚੋ ਇਸ ਨੂੰ ਭਾਲੇ।
ਇਸ ਨੂੰ ਛੇੜੇ ਖ਼ੂਬ ਸਤਾਵੇ,
ਪਰ ਉਹ ਪਾਪੀ ਹੱਥ ਨਾ ਆਵੇ।
ਭੌਰੇ ਦੀ ਇਹ ਖ਼ੂਬ ਸਤਾਈ,
ਜਾਪੇ ਪਾਉਂਦੀ ਹੋਏ ਦੁਹਾਈ।
ਚਤੁਰ ਮਸ਼ੱਵਰ ਬੁਰਸ਼ ਸੰਭਾਲ,
ਰਾਜੇ ਦਾ ਫੜ ਲਿਆ ਖਿਆਲ।

ਚੌਂਧਿਆ ਰਾਜਾ ਚਿਤਰ ਦੇਖ,
ਇਹ ਤਾਂ ਰੇਖ' ਚ ਵੱਜੀ ਮੇਖ।
ਪ੍ਰੇਮਵਿਦਾ ਤੇ ਇਹ ਅਨਸੂਆ,
ਭਰਮ ਨਹੀਂ ਹੈ ਇਹ ਸ਼ਕੁੰਤਲਾ।

ਹੁਣ ਤਾਂ ਪੀੜ ਹੋਰ ਭਰ ਆਈ,
ਰਾਜਾ ਲੱਗਾ ਰਹਿਣ ਸ਼ੁਦਾਈ।

# 11. ਕਸ਼ਯਪ ਰਿਖੀ ਦੇ ਆਸ਼ਰਮ ਵਿਚ

ਕੱਸ਼ਯਪ ਰਿਖੀ ਦੇ ਆਸ਼ਰਮ ਜਾਣ ਵੇਲੇ ਤਕ ਸ਼ਕੁੰਤਲਾ 7 ਮਹੀਨੇ ਦੀ ਗਰਭਵਤੀ ਹੁੰਦੀ ਹੈ। ਦੋ ਮਹੀਨੇ ਬਾਅਦ ਉਹ ਇਕ ਪੁੱਤਰ ਨੂੰ ਜਨਮ ਦਿੰਦੀ ਹੈ ਜਿਸ ਦਾ ਨਾਮ ਕਾਲੀ ਦਾਸ ਵਿਚ ਦੁਸ਼ਟ ਦਮਨ ਦੱਸਿਆ ਗਿਆ ਹੈ। ਦੂਸਰੇ ਕਥਨਾਂ ਅਨੁਸਾਰ ਇਸ ਦਾ ਨਾਮ ਭਾਰਤ ਸੀ। ਜਿਸ ਦੇ ਨਾਮ ਤੇ ਹੀ ਇਸ ਦੇਸ਼ ਦਾ ਨਾਮ ਭਾਰਤ ਪਿਆ ਹੈ।

ਇਹ ਦੋ ਮਹੀਨੇ ਸ਼ਕੁੰਤਲਾ ਲਈ ਬਹੁਤ ਦੁੱਖ ਭਰੇ ਸਨ ਉਹ ਹਮੇਸ਼ਾ ਆਪਣੀ ਕਿਸਮਤ ਨੂੰ ਕੋਸਦੀ। ਕੱਲ੍ਹ ਤੱਕ ਜੋ ਰਾਣੀ ਬਣਨ ਦੇ ਸੁਪਨੇ ਲੈਂਦੀ ਸੀ ਅੱਜ ਦਰ-ਦਰ ਠੋਕਰਾਂ ਖਾ ਰਹੀ ਹੈ। ਦੁਸ਼ਿਅੰਤ ਦੇ ਵਿਛੋੜੇ ਦਾ ਦੁੱਖ ਉਸ ਨੂੰ ਨੀਮ ਪਾਗਲ ਬਣਾ ਦਿੰਦਾ ਹੈ। ਉਹ ਹਰ ਘੜੀ ਵਿਲ੍ਹਕਦੀ ਰਹਿੰਦੀ ਹੈ।

ਸ਼ਕੁੰਤਲਾ ਆਪਣੀ ਹਾਲਤ ਵੱਲ ਵੇਖ ਕੇ, ਅਤਿ ਹੀ ਵੈਰਾਗ-ਮਈ ਹਾਲਤ ਵਿਚ, ਮਨ ਹੀ ਮਨ ਦੁਸ਼ਿਅੰਤ ਨੂੰ ਕਹਿ ਰਹੀ ਹੈ।

## ਸ਼ਕੁੰਤਲਾ

ਦੇਖ ਮੇਰਿਆਂ ਪੈਰਾਂ ਦੇ ਨਹੁੰ,
ਨੀਲੇ ਪੀਲੇ ਕਾਲੇ ਹੋ ਗਏ,
ਉਂਗਲੀਆਂ ਤੇ ਸੋਜ਼, ਪੈਰਾਂ ਦੀਆਂ
ਤਲੀਆਂ ਬਲ-ਬਲ ਜਾਣ ਮੇਰੀਆਂ।

ਜਿਉਂ ਪੈਰਾਂ ਤੇ ਡੇਂਬੂ ਲੜਿਆ,
ਸੁੱਜ ਕੇ ਪੈਰ ਭੜੋਲਾ ਹੋਏ,
ਪੈਰਾਂ ਦੀਆਂ ਛੱਤਾਂ ਇਉਂ ਜਾਪਣ,
ਜੀਕੂੰ ਕੋਈ ਢਲਾਣ ਮੇਰੀਆਂ।

ਦੇਖ ਮੇਰਿਆਂ ਗਿੱਟਿਆਂ ਉੱਤੇ,
ਗਿੱਠ-ਗਿੱਠ ਗਰਦ ਚੜ੍ਹੀ ਤੇਰੇ ਗ਼ਮ ਦੀ
ਦੇਖ ਤੇਰੇ ਰਾਹਾਂ ਵਿਚ ਹੋਈਆਂ,
ਪੈੜਾਂ ਕਿਵੇਂ ਹੈਰਾਨ ਮੇਰੀਆਂ।

ਸੌਣ ਮਹੀਨੇ ਜਿਵੇਂ ਗਡੋਏ,
ਮਿੱਟੀ ਖਾ-ਖਾ ਫੁੱਲ-ਫੁੱਲ ਬਹਿੰਦੇ,
ਦੇਖ ਮੇਰੀਆਂ ਪਿੰਜਣੀਆਂ ਵਿਚ,
ਨਾੜਾਂ ਖੜ-ਖੜ ਜਾਣ ਮੇਰੀਆਂ।

ਮੇਰੇ ਗੋਡਿਆਂ ਦੀਆਂ ਅੱਖਾਂ ਵਿਚ,
ਪੈਂਦੀ ਰੜਕ ਜੁਦਾਈਆਂ ਵਾਲੀ,
ਗੋਡਿਆਂ ਦੇ ਵਿਚ ਅੜੀਆਂ ਪਈਆਂ,
ਚੱਪਣੀਆਂ ਵਾਂਗ ਚਟਾਨ ਮੇਰੀਆਂ।

ਅਜ਼ਲਾਂ ਜੋਡੇ ਲੰਮੇ ਪੈਂਡੇ,
ਸਿਮਟੇ ਪਏ ਮੇਰੀਆਂ ਲੱਤਾਂ ਵਿੱਚ,
ਭਾਲ ਤੇਰੀ ਵਿਚ ਝੁਕੀਆਂ ਬਣੀਆਂ,
ਜੰਘਾਂ ਜਿਵੇਂ ਕਮਾਨ ਮੇਰੀਆਂ।

ਗੋਰੇ ਗੋਲ ਸਤੰਭਾ ਵੱਲ ਮੈਂ,
ਕਿਧਰੇ ਡਰਦੀ ਆਪ ਨਾ ਤੱਕਦੀ,
ਮੱਖਣ ਦੇ ਪੇੜਿਆਂ ਨੂੰ ਕਿਧਰੇ,
ਨਜ਼ਰਾਂ ਨਾ ਲੱਗ ਜਾਣ ਮੇਰੀਆਂ।

ਦੌਲਤ ਦੇ ਦਰਵਾਜ਼ੇ ਨੂੰ ਤੂੰ,
ਕੁੰਜੀ ਲਾ ਫਿਰ ਬਹੁੜ ਨਾ ਆਇਓ,
ਹੁਸਨ ਤਜੌਰੀ ਵਿਚੋਂ ਲਾਟਾਂ,
ਨਿਕਲ-ਨਿਕਲ ਜਾਣ ਮੇਰੀਆਂ।

ਇਸ਼ਕ ਦੀ ਸਪਣੀ ਦੇ ਫਣ ਉਤੇ,
ਧਰ ਗਿਉਂ ਪੈਰ ਕਸੂਤੀ ਰੁੱਤੇ।
ਹੁਣ ਇਸ ਸਪਣੀ ਨੇ ਕਰ ਛੱਡੀਆਂ
ਰਾਤਾਂ ਕਿਵੇਂ ਹੈਰਾਨ ਮੇਰੀਆਂ।

ਪੋਟਿਆਂ ਨੇ ਧਰਤੀ ਦੀ ਹਿੱਕ ਤੇ,
ਥਾਂ-ਥਾਂ ਕਿਵੇਂ ਅਵੱਟਣ ਪਾਏ,
ਔਸੀਆਂ ਪਾਉਂਦੀ ਦੀਆਂ ਉਂਗਲੀਆਂ,
ਹੋਈਆਂ ਲਹੂ ਲੁਹਾਨ ਮੇਰੀਆਂ।

ਕੋਈ ਸੰਖ ਪਦਮ ਨਾ ਚੱਕਰ[1],
ਮਿੱਟ ਗਏ ਸਭ ਉਂਗਲਾਂ ਦੇ ਗੌਣੇ[2],
ਮਿਟੀਆਂ ਸਭ ਕਿਸਮਤ ਦੀਆਂ ਲੀਕਾਂ
ਥੇਲ੍ਹੀਆਂ ਰੜੇ ਮਦਾਨ ਮੇਰੀਆਂ।

ਗਿਣਤੀਆਂ ਗਿਣਦੀ-ਗਿਣਦੀ ਦੇ
ਗੁੱਟਾਂ ਵਿਚ ਪੈ-ਪੈ ਜਾਵਣ ਗਾਨੇ,
ਕਾਗ ਉਡਾਉਂਦੀ ਦੀਆਂ ਕਲਾਈਆਂ
ਆਪੇ ਮੁੜ ਮੁੜ ਜਾਣ ਮੇਰੀਆਂ।

ਨੱਕ ਮੇਰੇ ਦੀ ਮੁੜੀ ਕਰੂੰਬਲ,
ਨੱਥ ਮੇਰੀ ਦਾ ਡਿੱਗਿਆ ਥੇਵਾ,
ਨੱਕ ਬਿਨਾਂ ਕੀ ਜੀਣਾ, ਨੱਕ ਬਿਨ
ਗੱਲਾਂ ਕਰੇ ਜਹਾਨ ਮੇਰੀਆਂ।

ਹੁਣ ਮੇਰੇ ਬੋਲੇ ਕੰਨਾਂ ਨੂੰ
ਸੁਣਦੀ ਨਾ ਕੋਈ ਗੱਲ ਰਾਜ਼ ਦੀ
ਕੰਨਾਂ ਕੋਲੇ ਬੈਠ ਦਲੀਲਾਂ
ਲੱਖ ਘੰਟੇ ਖੜਕਾਣ ਮੇਰੀਆਂ।

---

1. ਸੰਖ, ਪਦਮ, ਚੱਕਰ-ਉਂਗਲੀਆਂ ਦੇ ਪੋਟਿਆਂ ਉੱਪਰ ਇਸ ਕਿਸਮ ਦੇ ਨਿਸ਼ਾਨ ਹੁੰਦੇ ਹਨ।
2. ਗੌਣੇ- ਉਂਗਲੀਆਂ ਵਿਚ ਦਹੂਰੀਆਂ ਲੀਕਾਂ

ਮੇਰਾ ਮੱਥਾ ਹੋਇਆ ਨਿਕਰਮਣ,
ਮੇਰੇ ਮੱਥੇ ਕੋਈ ਨਾ ਲੱਗੇ,
ਮੱਥਾ ਮਾਰ-ਮਾਰ ਮੈਂ ਮਰਗੀ
ਉਲਾਂ ਵੱਜ-ਵੱਜ ਜਾਣ ਮੇਰੀਆਂ।

ਗੋਰੀਆਂ ਗੋਲ-ਗੋਲ ਗੱਲਾਂ ਤੇ
ਹੁਣ ਨਾ ਕਿਧਰੇ ਦਿਸੇ ਗੁਲਾਬੀ,
ਬ੍ਰਿਹੋਂ ਨੇ ਚੱਕ ਮਾਰੇ ਹੋਈਆਂ
ਗੱਲਾਂ ਦੇਖ ਵਰਾਨ ਮੇਰੀਆਂ।

ਮੋਤੀਆਂ ਵਰਗੇ ਦੰਦਾਂ ਦੇ ਵਿਚ,
ਦਰਦ ਤੇਰੇ ਦਾ ਲੱਗਿਆ ਕੀੜਾ,
ਦੰਦ-ਕਥਾ ਨੇ ਖਾ ਲੀ ਮੈਂ ਤਾਂ
ਦੰਦਲਾਂ ਪੈ-ਪੈ ਜਾਣ ਮੇਰੀਆਂ।

ਸੂਰਜ ਵਰਗੇ ਸੂਹੇ ਮੁੱਖ ਤੇ,
ਪੀਲਾ ਰੰਗ ਪ੍ਰਧਾਨ ਹੋ ਗਿਆ,
ਸਿੱਥਲ ਹੋਏ ਬੋਲ ਤੇ ਰੁੱਕ-ਰੁੱਕ,
ਗੱਲਾਂ ਕਰੇ ਜ਼ਬਾਨ ਮੇਰੀਆਂ।

ਅੱਖਾਂ ਵਿਚ ਅਣਤੋਲੇ ਅੱਥਰੂ
ਅੱਥਰੂਆਂ ਵਿਚ ਅਧੂਰੀਆਂ ਆਸਾਂ,
ਇਨ੍ਹਾਂ ਅੱਥਰੂਆਂ ਤੋਂ ਅੱਖਾਂ
ਕੀਕੂੰ ਜਾਨ ਛੁੜਾਨ ਮੇਰੀਆਂ।

ਧੌਣ ਮੇਰੀ ਵਿਚ ਸਿਦਕ ਦਾ ਧਾਗਾ
ਧਾਗੇ ਵਿਚ ਤਵੀਤ ਸਬਰ ਦਾ
ਵਿਚ ਤਵੀਤ ਮਿਲਣ ਦੀਆਂ ਤਾਂਘਾਂ
ਹੋਈਆਂ ਅੱਕਲਕਾਣ ਮੇਰੀਆਂ।

ਜਿਉਂ ਨਾਗਣੀਆਂ ਨਾਗ ਕਲਾਵਿਓਂ
ਬੇਵੱਸ ਹੋਈਆਂ ਨਿੱਕਲ ਜਾਵਣ,
ਜੂੜੇ ਮੇਰੇ ਚੋਂ ਮੇਢੀਆਂ
ਨਿੱਕਲ-ਨਿੱਕਲ ਜਾਣ ਮੇਰੀਆਂ।

ਹਿੱਕ ਮੇਰੀ ਤੇ ਵਸਦੇ-ਰਸਦੇ
ਦੋ ਪਿੰਡਾ ਦੇ ਦੋ ਥੇਹ ਹੋ ਗਏ
ਪਿਆਰ ਵਿਹੂਣੀਆਂ ਜਾਪਣ ਮੈਨੂੰ
ਛਾਤੀਆਂ ਕਬਰਸਤਾਨ ਮੇਰੀਆਂ।

ਮੇਰੀਆਂ ਢਾਕਾਂ ਦੇ ਬੰਨ੍ਹ ਉਤੋ
ਢਿਲਕ ਚੱਲੀ ਹੁਣ ਲਾਜ ਲੰਗੋਟੀ,
ਲੱਜ ਸ਼ਰਮ ਰਹਿ ਜਾਵੇ ਜੇ,
ਤੇਰੇ ਦਰ ਸੁਣੀਆਂ ਜਾਣ ਮੇਰੀਆਂ।

ਲੱਕ ਮੇਰੇ ਤੋਂ ਲਹਿ ਗਿਆ ਲਹਿੰਗਾ
ਤੇੜੋਂ ਚੱਲੀ ਤਿਲਕ ਤੜਾਗੀ
ਤੂੰ ਹੀ ਆ ਹੁਣ ਰੱਖ ਇੱਜ਼ਤਾਂ
ਬਣ ਕ੍ਰਿਸ਼ਨ ਭਗਵਾਨ ਮੇਰੀਆਂ।

ਕਮਰ ਮੇਰੀ ਨੂੰ ਕੀ ਮੈਂ ਆਖਾਂ,
ਕੌਣ ਕਰ ਗਿਆ ਕੰਮ ਕਲੱਲਾ,
ਕੰਵਲੀ ਦੀਆਂ ਕੰਵਲੀਆਂ ਕਰਤੂਤਾਂ
ਕਿਵੇ ਛੁਪਾਈਆਂ ਜਾਣ ਮੇਰੀਆਂ।

ਮੇਰੇ ਪਿੰਡੇ ਦੇ ਆਂਗਣ ਵਿਚ,
ਹੁਸਨ ਮੇਰੇ ਦਾ ਸੱਥਰ ਬੈਠਾ,
ਚੁੱਪ ਚੁਪੀਤੀਆਂ ਬੈਠੀਆਂ ਰੀਝਾਂ
ਆਈਆਂ ਜਿਵੇਂ ਮੁਕਾਣ ਮੇਰੀਆਂ।

ਜਾਨ ਮੇਰੀ ਨੇ ਜਾਣ ਬੁੱਝ ਕੇ
ਇਸ਼ਕ ਜੰਜੀਰ ਗਲੇ ਵਿਚ ਪਾਇਆ,
ਜਾਨ ਛੁਡਾ ਜਾਲਮ ਤੋਂ, ਨਿੱਤ ਹੁਣ,
ਮਿੰਨਤਾਂ ਕਰਦੀ ਜਾਨ ਮੇਰੀਆਂ।

ਇਉਂ ਹੀ ਭਰੀ ਪੀਤੀ ਬੈਠੀ ਨੂੰ,
ਮੈਨੂੰ ਪਤਾ ਨਹੀਂ ਕੈ ਯੁਗ ਹੋ ਗਏ
ਡਰਦੀ ਆਂ ਇਉਂ ਹੀ ਬੈਠੀ ਦੀਆਂ

ਉਮਰਾਂ ਨਾ ਲੰਘ ਜਾਣ ਮੇਰੀਆਂ।
ਦਿਲ ਦੇ ਜਾਨੀ, ਦਿਲ ਨਹੀਂ ਲੱਗਦਾ,
ਦੇਹ ਦਿਲ ਨੂੰ ਦਿਲਬਰੀਆਂ ਆ ਕੇ,
ਦਿਲ ਦਾ ਦਰਦ ਉਹ ਜਾਣੇ, ਸਹਿਲਾਂ
ਜੋ ਪ੍ਰੀਤਾਂ ਨਿੱਭ ਜਾਣ ਮੇਰੀਆਂ।

(ਬ੍ਰਿਹੋਂ ਅਤੇ ਵੈਰਾਗ ਦੇ ਦੋ ਮਹੀਨੇ)

## ਮੱਘਰ

ਮੱਘਰ ਮਘਦੀ ਅੱਗ ਇਸ਼ਕ ਦੀ
ਧੂੰਆਂ ਧੁਖੇ ਜੁਦਾਈ ਦਾ,
ਦਿਲ ਦਾ ਦਰਦ ਛੁਪਾਵਾਂ ਦਿਲ ਵਿਚ,
ਰੋਵਾਂ ਝੀਣੀ ਬਾਣ ਕੁੜੇ।

ਓਸ ਸਿਆਣੇ ਨੂੰ ਕੀ ਆਖਾਂ
ਉਹ ਸੋਹਣਾ ਸਮਰੱਥ ਕੁੜੇ,
ਮੈਂ ਮਾੜੀ ਮਸਕੀਨ ਇਆਣੀ,
ਉਹ ਸੂਰਾ ਸੁਲਤਾਨ ਕੁੜੇ।

ਕਰੀਂ ਕਰੁਲੀਆਂ ਕਾਂਵਾਂ ਆ ਕੇ,
ਬੈਠ ਬੰਨੇਰੇ ਸਾਡੇ ਤੇ,
ਏਸ ਬਹਾਨੇ ਸ਼ਾਇਦ ਸੋਹਣਾ
ਆਵੇ ਬਣ ਮਹਿਮਾਨ ਕੁੜੇ।

ਆ ਨੀ ਨਿੱਛੇ ਤੈਥੋਂ ਵਾਰੀ
ਯਾਦ ਕਰੇ ਜੇ ਪ੍ਰੀਤਮ ਨੀ,
ਰੱਬ ਬਹਾਨੇ ਉਸ ਦਾ ਨਾਂ ਹੀ
ਲੈ ਲਾਂ ਕਹਿ ਭਗਵਾਨ ਕੁੜੇ।

ਇਸ਼ਟ ਮੰਨਿਆ ਮੈਂ ਤਾਂ ਉਸ ਨੂੰ
ਕਰਦੀ ਰਵ੍ਹਾਂਗੀ ਪੂਜਾ ਨੀ,
ਉਸ ਦੀ ਮਰਜ਼ੀ ਦੇਵੇ ਜਾਂ ਨਾ,
ਦੇਵੇ ਕੋਈ ਵਰਦਾਨ ਕੁੜੇ।

ਕਿਵੇਂ ਸੁਣਾਵਾਂ ਦੁੱਖੜੇ ਉਸ ਨੂੰ
ਉਹ ਉੱਚਾ ਮੈਂ ਨੀਵੀਂ ਨੀ,
ਮੈਂ ਸੱਤਵੇਂ ਪਾਤਾਲ ਚ ਰਹਿੰਦੀ,
ਉਹ ਅੱਠਵੇਂ ਅਸਮਾਨ ਕੁੜੇ।

ਮੱਘਰ ਮਾਹੀ ਮੁੜ ਨਾ ਆਇਆ,
ਉੱਚੀ ਉੱਠੀ ਕੁੱਖ ਕੁੜੇ,
ਲੱਲੀ ਫੱਲੀ ਤਾਹਨੇ ਮਾਰੇ,
ਮੈਨੂੰ ਹਿੱਕਾਂ ਤਾਣ ਕੁੜੇ।

## ਪੋਹ

ਚੜ੍ਹਿਆ ਪੋਹ, ਪਈ ਦਿਲ ਖੋਹ,
ਕਾਹਦੀ ਜੂਨ ਵਿਜੋਗਣ ਦੀ,
ਹਰ ਇਕ ਪੋਹ ਦੇ ਵਾਂਗ ਅਸਾਡੇ,
ਇਸ਼ਕ ਦਮੂੰਹੀ ਲੜ ਨੀ ਗਈ।

ਐਸੇ ਡੰਗ ਬ੍ਰਿਹੋਂ ਨੇ ਮਾਰੇ,
ਮੁੜ ਗਏ ਘੁੰਡ ਪ੍ਰੀਤਾਂ ਦੇ,
ਟਪਕ-ਟਪਕ ਕੇ ਨੀਲੀ ਜ਼ਹਿਰ,
ਅੰਗ-ਅੰਗ ਵਿਚ ਚੜ੍ਹ ਨੀ ਗਈ।

ਚੀਰ ਕੇ ਕਾਲੀ ਰਾਤ ਡਰਾਉਣੀ
ਲੰਘ ਕੇ ਬਿੱਖੜੇ ਜੰਗਲ ਬੇਲੇ,
ਦੂਰ ਵਸੇਂਦੇ ਮਾਹੀ ਸੰਗ, ਸਾਡੇ
ਦਿਲ ਦੀ ਕੁੰਡੀ ਅੜ ਨੀ ਗਈ।

ਇਕ ਟਿਕ ਲਾ ਦੀਵੇ ਦੀ ਲੋਅ ਤੇ,
ਬੈਠ ਰਹੀ ਠੋਡੀ ਹੱਥ ਧਰ ਕੇ,
ਹਿਜਰ ਤੇਰੇ ਵਿਚ ਲੋਅ ਦੀ ਬੱਤੀ,
ਤੰਦ-ਤੰਦ ਹੋ ਸੜ ਨੀ ਗਈ।

ਦਮੂੰਹੀ— ਸੱਪ ਦੀ ਇਕ ਕਿਸਮ ਜਿਸਦੇ ਦੋ ਮੂੰਹ ਹੁੰਦੇ ਹਨ। ਇਸ ਬਾਰੇ ਇਹ ਮਿੱਥ ਹੈ ਕਿ ਜਿਸ ਕਿਸੇ ਦੇ ਇਹ ਜਿਸ ਮਹੀਨੇ ਲੜ ਜਾਵੇ ਤਾਂ ਬਾਰਾਂ ਸਾਲ ਤੱਕ ਹਰ ਸਾਲ ਉਸੇ ਮਹੀਨੇ ਹਰ ਹਾਲ ਲੜਦੀ ਰਹਿੰਦੀ ਹੈ।

ਅੱਧੀ ਰਾਤ ਲੈ ਲੇਫ ਦੁੱਖਾਂ ਦਾ,
ਪੈ ਗਈ ਮੈਂ ਸਿਸਕੜੀਆਂ ਲੈਂਦੀ,
ਜ਼ਖਮੀ ਨਾਗਣਿ ਲੈ ਜ਼ਖ਼ਮ ਜਿਗਰ ਦੇ,
ਜਿਉਂ ਧਰਤੀ ਦੇ ਵਿਚ ਵੜ ਨੀ ਗਈ।

ਓਦੋਂ ਦਾ ਕੋਈ ਪੋਹ ਨਾ ਭਾਇਆ,
ਜਦ ਦੇ ਨੈਣ ਦੋ ਚਾਰ ਹੋ ਗਏ
ਪੋਹ ਮਹੀਨੇ ਵਿਚ ਤਾਂ ਸਾਡੀ
ਜਿੰਦ ਸੂਲੀ ਤੇ ਚੜ੍ਹ ਨੀ ਗਈ।

ਪੋਹ ਦੀ ਪੱਤਝੜ ਐਸੀ ਆਈ
ਖੜੀ-ਖੜੀ ਦੀ ਆਂਗਣ ਦੇ ਵਿੱਚ
ਵਣ ਦੀ ਪਿਪਲੀ ਵਾਂਗ ਜਵਾਨੀ
ਪੱਤ-ਪੱਤ ਹੋ ਝੜ ਨੀ ਗਈ।

(ਦੋ ਮਹੀਨੇ ਬਾਅਦ ਸ਼ਕੁੰਤਲਾ ਇੱਕ ਪੁੱਤਰ ਨੂੰ ਜਨਮ ਦਿੰਦੀ ਹੈ ਜਿਸ ਨਾਲ ਹੌਲੀ-ਹੌਲੀ ਉਸ ਦਾ ਮਨ ਪਰਚ ਜਾਂਦਾ ਹੈ ਅਤੇ ਉਹ ਆਸ਼ਰਮ ਦੇ ਵਾਤਾਵਰਣ ਨਾਲ ਘੁਲ ਮਿਲ ਜਾਂਦੀ ਹੈ।)

## 12. ਤਲਾਸ਼

## (ਰਾਜਾ ਸ਼ਕੁੰਤਲਾ ਦੀ ਭਾਲ ਵਿਚ ਨਿਕਲਦਾ ਹੈ।)

ਰਾਜੇ ਸੱਦਿਆ ਰਥਵਾਨ ਨੂੰ,
ਐ ਮਾਧਵ ਏਧਰ ਆ।
ਚੱਲ ਢੂੰਡਣ ਚੱਲੀਏ ਓਸ ਨੂੰ,
ਮੇਰਾ ਗਗਨੀ ਰੱਥ ਲੈ ਆ।
ਝੱਟ ਗਗਨੀ ਰੱਥ ਲੈ ਆ ਗਿਆ,
ਰੱਥਵਾਨ ਤਿਆਰ ਕਰਾ।
ਝੱਟ ਅਰਸ਼ੀ ਘੋੜੇ ਉੱਡ ਪਏ,
ਗਗਨਾਂ ਮੰਡਲਾਂ ਦੇ ਰਾਹ।
ਦੀਪਾਂ ਲੋਆਂ ਤੇ ਮੰਡਲਾਂ,
ਖੰਡਾਂ ਵਰਭੰਡਾਂ ਗਾਹ,
ਉਸ ਖਾਣੀ ਬਾਣੀ ਖੋਜੀਆਂ
ਅਕਾਸ਼ ਪਤਾਲੀਂ ਜਾ।
ਇੰਦਰ ਪੁਰੀ ਤੇ ਸ਼ਿਵ ਪੁਰੀ,
ਬ੍ਰਹਮ ਪੁਰੀ ਤੇ ਹੋਰ ਪਰ੍ਹਾਂ।
ਉਸ ਖੋਜੀ ਸੱਚੇ ਰੱਬ ਦੀ,
ਜੋ ਸੀ ਸੱਚੀ ਦਰਗਾਹ।
ਆਕਾਸ਼ ਗੰਗਾ ਵਿਚ ਢੂੰਡਿਆ,
ਜੋ ਹੈ ਰਿਖੀਆਂ ਦਾ ਰਾਹ।
ਉਸ ਨੇ ਸੱਤ-ਰੰਗੀ ਪੀਂਘ ਦੇ,
ਰੰਗ ਸੱਤੇ ਚੀਰੇ ਜਾ।
ਮੱਸਿਆ ਦਾ ਵਿਹੜਾ ਖੋਜਿਆ,
ਉਸ ਦੀਵੇ ਲੱਖ ਜਗਾ।

ਘਰ ਕਾਮਦੇਵ ਦਾ ਢੂੰਡਿਆ,
ਦੇਖਿਆ ਰਤੀ[1] ਦਾ ਘੁੰਗਟ ਲਾਹ।
ਨਦੀਆਂ ਦਾ ਨੇਫਾ ਫੋਲਿਆ,
ਨਾਭੀ ਸਾਗਰ ਢੂੰਡੀ ਜਾ।
ਉਸ ਕਬਰਾਂ ਪੁੱਟੀਆਂ ਸੁੰਨੀਆਂ,
ਛਾਣੀ ਸਿਵਿਆਂ ਦੀ ਸੁਆਹ।
ਮਤੇ ਸ਼ੇਰ ਚੀਤਾ ਕੋਈ ਉਸ ਨੂੰ,
ਹੋਵੇ ਨਾ ਗਿਆ ਖਾ।
ਉਸ ਸਾਰੇ ਜੰਗਲੀ ਜੀਆਂ ਦੇ,
ਢਿੱਡ ਪਾੜ ਕੇ ਦੇਖੇ ਚਾ।
ਉਸ ਜਲ ਥਲ ਪਰਬਤ ਖੋਜਿਆ,
ਖੱਡਾਂ, ਕੰਧਰਾ, ਦਰਿਆ।
ਜਿਉਂ ਹਨੂੰਮਾਨ ਸੀ ਲੱਭਦਾ,
ਫਿਰਦਾ ਸੀਤਾ ਮਾਤਾ।
ਜਿਉਂ ਕ੍ਰਿਸ਼ਨ ਮਣੀ[2] ਨੂੰ ਲੱਭਦਾ,
ਹੋਇਆ ਫਿਰਦਾ ਬੌਰਾ।

---

1. ਰਤੀ- ਕਾਮਦੇਵ ਦੀ ਇਸਤਰੀ (ਉਸ ਨੇ ਸੋਚਿਆ ਮਤੇ ਕਾਮਦੇਵ ਨੇ ਖੁਦ ਹੀ ਸ਼ਕੁੰਤਲਾ ਨੂੰ ਆਪਣੀ ਘਰਵਾਲੀ ਬਣਾ ਕੇ ਆਪਣੇ ਘਰ ਰੱਖ ਲਿਆ ਹੋਵੇ ਕਿਉਂਕਿ ਸ਼ਕੁੰਤਲਾ ਬਹੁਤ ਹੀ ਸੁੰਦਰ ਸੀ।
2. ਮਣੀ- ਕੋਹੇਨੂਰ ਹੀਰੇ ਦਾ ਪੁਰਾਣਾ ਨਾਮ ਹੈ। ਇਹ ਹੀਰਾ ਇਕ ਰਾਜੇ ਨੂੰ ਤਪੱਸਿਆ ਤੋਂ ਖੁਸ਼ ਹੋਕੇ ਸੂਰਜ ਨੇ ਤੋਹਫੇ ਵਜੋ ਦਿੱਤਾ ਸੀ। ਜੋ ਆਪ ਸ਼ਿਕਾਰ ਕਰਨ ਗਿਆ ਮਾਰਿਆ ਗਿਆ ਅਤੇ ਇਸ ਹੀਰੇ ਨੂੰ ਜਾਮਾਵੰਤ (ਇਕ ਸ਼ਕਤੀਸ਼ਾਲੀ ਰਿੱਛ) ਚੁੱਕ ਕੇ ਲੈ ਗਿਆ ਜਿਸ ਨੇ ਆਪਣੀ ਲੜਕੀ ਜਾਮਾਵੰਤੀ ਨੂੰ ਖੇਡਣ ਲਈ ਦੇ ਦਿੱਤਾ। ਇਸ ਹੀਰਾ ਚਰਾਉਣ ਦਾ ਝੂਠਾ ਇਲਜ਼ਾਮ ਕ੍ਰਿਸ਼ਨ ਤੇ ਲਾਇਆ ਗਿਆ ਜਿਸ ਨੂੰ ਲੱਭਣ ਲਈ ਕ੍ਰਿਸ਼ਨ ਨੂੰ (ਕਾਫੀ ਮਿਹਨਤ ਕਰਨੀ ਪਈ) ਅੰਤ ਕ੍ਰਿਸ਼ਨ ਜੀ ਨੇ ਜੰਬੂ ਦੀਪ (ਜੰਮੂ) ਵਿਚ ਜਾ ਕੇ ਜਾਮਾਵੰਤ ਦੀ ਗੁਫਾ ਵਿਚ ਉਸ ਨਾਲ ਘੋਰ ਜੰਗ ਕਰਕੇ, ਉਸ ਨੂੰ ਹਰਾਇਆ। ਜਾਮਾਵੰਤ ਨੇ ਆਪਣੀ ਹਾਰ ਹੁੰਦੀ ਦੇਖ ਕੇ ਕ੍ਰਿਸ਼ਨ ਜੀ ਨਾਲ ਸਮਝੌਤਾ ਕਰ ਲਿਆ। ਆਪਣੀ ਲੜਕੀ ਦਾ ਵਿਆਹ ਕ੍ਰਿਸ਼ਨ ਜੀ ਨਾਲ ਕਰਕੇ ਇਹ ਮਣੀ ਉਸ ਨੂੰ ਦਾਜ ਵਜੋ ਦੇ ਦਿੱਤੀ। ਇਸ ਕੋਹੇ ਨੂਰ ਹੀਰੇ ਬਾਰੇ ਇਹ ਵੀ ਮਿਥ ਹੈ ਕਿ ਇਹ ਜਿਥੇ ਵੀ ਗਿਆ ਹੈ ਇਸ ਨੇ ਸਰਵਨਾਸ਼ ਹੀ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮਿਸਾਲ ਵੀ ਦਿੱਤੀ ਜਾਂਦੀ ਹੈ। ਅਤੇ ਜਦੋਂ ਦਾ ਇਹ ਅੰਗਰੇਜ਼ਾਂ ਪਾਸ ਗਿਆ ਹੈ ਉਦੋਂ ਤੋਂ ਹੀ ਇੰਗਲੈਂਡ ਦੀ ਪਾਵਰ ਦਿਨੋ ਦਿਨ ਘਟ ਰਹੀ ਹੈ।

ਮਤੇ ਕਿਸੇ ਦੈਂਤ ਦੇ ਘਰ ਵਿਖੇ,
ਉਹ ਭੁੱਲ ਵੜੀ ਹੋਏ ਜਾ।
ਤੇ ਉਸ ਦੀ ਸੁਆਣੀ ਇਸ ਡਰੋਂ,
ਮਤੇ ਦੈਂਤ ਨਾ ਜਾਵੇ ਖਾ।
ਕੋਈ ਬਣਾ ਪ੍ਰਿੰਦਾ[1] ਉਸ ਨੂੰ,
ਦਿੱਤਾ ਕੰਧ ਨਾ ਹੋਏ ਲਾ।
ਲੱਖ ਮਣ ਪਾਣੀ ਪੰਡਤਾਂ,
ਤੋ ਉਸ ਨੇ ਲਿਆ ਮੰਤਰਾ।
ਸਾਰੀ ਧਰਤੀ ਤੇ ਉਸ ਨੂੰ,
ਦਿੱਤਾ ਸੀ ਛਿੜਕਾ।
ਕਿਸ ਬਹਾਨੇ ਸ਼ਾਇਦ ਉਹ,
ਜਾਏ ਅਸਲੀ ਰੂਪ ਚ ਆ।
ਲਾਈ ਉਸ ਨੇ ਆਪਣੀ,
ਪੂਰੀ ਜਿੰਨੀ ਸੀ ਵਾਹ।
ਐਪਰ ਕੋਈ ਉਸ ਦਾ,
ਲੱਗਿਆ ਨਾ ਥਹੁ ਪਤਾ।

ਪੰਜ ਤੱਤ ਦੀ ਦੇਹ ਓਸ,
ਕਰ ਦਿੱਤੀ ਹੋਊ ਫਨਾ।
ਮਿੱਟੀ ਵਿਚ ਮਿੱਟੀ ਮਿਲ ਗਈ,
ਤੇ ਹਵਾ ਚ ਮਿਲੀ ਹਵਾਂ।
ਕਤਰਾ ਸਾਗਰ ਵਿਚ ਵਹਿ ਗਿਆ,
ਮਿਲੀ ਕਿਰਨ ਸੂਰਜੇ ਜਾ।
ਹੋਈ ਆਪੇ ਵਿਚ ਅਭੇਦ ਉਹ,
ਕਿਸੇ ਜੋਤ ਨਾ ਜੋਤ ਮਿਲਾ।

---

1. ਪੁਰਾਣੀਆਂ ਲੋਕ-ਕਥਾਵਾਂ ਵਿਚ ਅਜਿਹਾ ਜ਼ਿਕਰ ਹੈ ਕਿ ਕੋਈ ਸ਼ਹਿਜ਼ਾਦਾ ਜਾਂ ਸ਼ਹਿਜ਼ਾਦੀ ਰਸਤਾਂ ਭੁੱਲ ਕੇ ਕਿਸੇ ਦੈਂਤਾਂ ਦੇ ਘਰ ਚਲੇ ਜਾਂਦੇ ਹਨ। ਦੈਂਤ ਘਰ ਨਹੀਂ ਹੁੰਦਾ ਉਸ ਦੀ ਔਰਤ ਸ਼ਹਿਜ਼ਾਦੇ ਜਾਂ ਸ਼ਹਿਜ਼ਾਦੀ ਤੇ ਰਹਿਮ ਕਰਦੀ ਹੈ ਅਤੇ ਉਹ ਇਸ ਡਰੋ ਕਿ ਦੈਂਤ ਆ ਕੇ ਇਸ ਨੂੰ ਖਾ ਨਾ ਜਾਵੇ, ਉਸ ਨੂੰ ਮੱਖੀ ਜਾਂ ਕੋਈ ਹੋਰ ਪ੍ਰਿੰਦਾ ਬਣਾ ਕੇ ਕੰਧ ਨਾਲ ਚਿਪਕਾ ਦਿੰਦੀ ਹੈ।

ਜਾਂ ਚੜ੍ਹ ਬੈਠੀ ਆਕਾਸ਼ ਤੇ,
ਤਾਰਿਆਂ ਦੀ ਸਾੜ੍ਹੀ ਲਾ।
ਜਾਂ ਰਲਗੀ ਨਾਲ ਬਹਾਰ ਦੇ,
ਉਹ ਬਣ ਕੇ ਪੁਰੇ ਦੀ ਵਾਂ।
ਜਾਂ ਰਲਗੀ ਨਾਲ ਮਿਠਾਸ,
ਕਿਸੇ ਮਾਖਿਉਂ ਛੱਤੇ ਜਾ।
ਜਾਂ ਰਲਗੀ ਨਾਲ ਸੁਗੰਧੀਆਂ,
ਤੇ ਘੁੱਲ ਗਈ ਵਿਚ ਹਵਾ।
ਬਣ ਭੁੱਖ ਉਹ ਕਿਸੇ ਫਕੀਰ ਦੀ,
ਗਈ ਆਪੇ ਨੂੰ ਹੋਏ ਖਾ।
ਬਣ ਰੂਹ ਉਹ ਕਿਸੇ ਸਰਾਪ ਦੀ,
ਕਿਤੇ ਹੋਵੇ ਰਹੀ ਕੁਰਲਾ।
ਬਣ ਤੜਪ ਕਿਸੇ ਉਹ ਪੀੜ ਦੀ,
ਰਹੀ ਹੋਵੇ ਤੜਫੜਾ।
ਬਣ ਸਧਰ ਡੋਹਾਗਣਿ ਰੰਨ ਦੀ,
ਹੋਏ ਰਹੀ ਕੀਰਨੇ ਪਾ।
ਬਣ ਸਬਰ ਕਿਸੇ ਦਰਵੇਸ਼ ਦਾ,
ਕਿਸੇ ਵਾਂਗ ਕੁਆਰੇ।
ਕਿਸੇ ਬ੍ਰਿਹਣ ਦੇ ਦੁੱਖ ਵਾਂਗਰਾਂ,
ਹੋਊ ਰਹੀ ਕਰੀੜੇ ਖਾ।
ਕਿਸੇ ਵਾਂਗ ਅਧੂਰੀ ਖਾਹਸ਼ ਦੇ,
ਕਿਸੇ ਮੰਜ਼ਿਲ ਵਾਂਗ ਬੇਥਾਹ।
ਬੇਗਤੀਆਂ ਰੂਹਾਂ ਵਾਂਗ ਉਹ,
ਹੋਊ ਫਿਰਦੀ ਵਿਚ ਖਲਾ।

ਡਿੱਗੇ ਢੱਠੇ ਹੰਭ ਕੇ,
ਉਹ ਹੋਏ ਸਾਹੋ ਸਾਹ।
ਰੱਥ ਘੋੜੇ ਚੂਰੀ ਹੋ ਗਏ,
ਲੱਖ ਯੋਜਨ ਪੈਂਡੇ ਗਾਹ।
ਕੱਸ਼ਯਪ ਰਿਸ਼ੀ ਦੇ ਆਸ਼ਰਮ,
ਵਿਚ ਲੈਣ ਲਈ ਕੁੱਝ ਸਾਹ।
ਰੱਥ ਰੋਕ ਕੇ, ਘੋੜੇ ਖੋਲ੍ਹ ਕੇ,
ਉਹ ਬਹਿ ਗਏ ਆਸ ਮੁੱਕਾ।

# 13. ਪੁਨਰ ਮਿਲਣ

ਥੱਕੇ ਟੁੱਟੇ ਸਫਰ ਮੁਕਾ ਕੇ,
ਫੇਰ ਮਿਲਣ ਦੀ ਝਾਕ ਮੁਕਾ ਕੇ।
ਪੌਣਾਂ ਦੇ ਰਾਹ ਚਾਲੋ ਚਾਲ,
ਥੱਕੇ ਅੰਗ ਮੰਦੜੇ ਹਾਲ।
ਮਾਨ ਸਰੋਵਰ ਪਹੁੰਚੇ ਆਏ,
ਹੇਮ-ਕੁੰਟ ਤੇ ਡੇਰੇ ਲਾਏ।
ਸੁਰਗ ਜਿਹੀ ਸੁੰਦਰ ਇਹ ਧਰਤੀ,
ਜਿੱਥੇ ਬੈਠ ਰਿਦ੍ਹੇ ਠੰਡ ਵਰਤੀ।
ਜਿੱਥੇ ਬੈਠ ਦੂਰ ਦੁੱਖ ਹੋਵਨ,
ਕਲ ਕਲੇਸ਼ ਨਾ ਕੋਲ ਖੜੋਵਨ।
ਜਿੱਥੇ ਬੈਠਿਆਂ ਨੱਸਣ ਪਾਪ,
ਮਿਟ ਜਾਵਣ ਝੋਰੇ ਸੰਤਾਪ।
ਪੂਰੀ ਹੋਏ ਅਧੂਰੀ ਆਸ਼ਾ,
ਏਥੋਂ ਨਾ ਕੋਈ ਜਾਏ ਨਿਰਾਸਾ।
ਝਿਮ-ਝਿਮ ਅੰਮ੍ਰਿਤ ਵਰਸੇ ਮੇਹੁ,
ਕਿਸੇ ਸੁਰਗ ਦੀ ਧਰਤੀ ਏਹੁ।
ਇਸ ਤੋਂ ਕੁੱਝ ਕੁ ਹੇਠਾਂ ਵੱਲ,
ਬਰਫ਼ ਢਲਾਣਾਂ ਉੱਪਰੋ ਚੱਲ।
ਇਹ ਵਾਦੀ ਤਪੋਵਨ ਕਹਾਵੇ,

ਸੁਰਗ ਨਜ਼ਾਰਾ ਨਜ਼ਰੀਂ ਆਵੇ।
ਏਥੇ ਤੱਪੀ-ਤੱਪ ਨੇ ਕਰਦੇ,
ਏਥੇ ਰਿਖੀ ਰਾਮ ਨੂੰ ਰਟਦੇ।
ਵਜਦੀ ਵੀਣਾ ਰਾਮ ਨਾਮ ਦੀ,
ਸੱਦ ਨਾ ਏਥੇ ਕ੍ਰੋਧ-ਕਾਮ ਦੀ।
ਲੋਭ ਨਾ ਏਥੇ ਮੋਹ ਹੰਕਾਰ,
ਏਥੇ ਬੱਸ ਪਿਆਰ ਹੀ ਪਿਆਰ।
ਏਥੇ ਕਲਪ ਬ੍ਰਿਛ ਦੀਆਂ ਡਾਰਾਂ,
ਸੁਆਂਤ ਬੂੰਦ ਦੀਆਂ ਪੈਣ ਫੁਹਾਰਾ।
ਚਾਤ੍ਰਿਕ ਮੋਰ ਪਪੀਹੇ ਬੋਲਣ,
ਰੂਹ ਵਿਚ ਰਾਮ ਨਾਮ ਰਸ ਘੋਲਣ।
ਦੂਰ ਕੋਈ ਨਾਦੀ ਨਾਦ ਵਜਾਵੇ,
ਮਾਨੋ ਸੁੱਤੇ ਭਾਗ ਜਗਾਵੇ।
ਝਰਨੇ ਚੱਲਣ ਕਲ-ਕਲ ਕਰਦੇ,
ਮਾਨੋ ਕੋਈ ਕਵਿਤਾ ਪੜਦੇ।
ਮੋਰ ਪਪੀਹੇ ਬੋਲਣ ਤੋਤੇ,
ਮਾਨੋ ਦੇਵਣ ਦਾਦ ਸਰੋਤੇ।
ਮਾਨੋ ਕੋਈ ਅਮਰ ਕਹਾਣੀ,
ਸ਼ਿਵ ਗਿਰਜਾ[1] ਨੂੰ ਕਹਿੰਦੇ ਜਾਣੀ।
ਕਰੇ ਆਵਾਜ਼ ਦੂਰ ਕੋਈ ਧਾਰਾ,
ਮਾਨੋ ਗਿਰਜਾ ਭਰੇ ਹੁੰਗਾਰਾ।
ਥੋੜੀ ਦੂਰ ਡਿੱਗੇ ਕੋਈ ਧਾਰਾ,

---

1. ਗਿਰਜਾ- ਸ਼ਿਵ ਜੀ ਦੀ ਇਸਤਰੀ ਪਾਰਬਤੀ ਨੂੰ ਗਿਰਜਾ ਆਖਿਆ ਜਾਂਦਾ ਹੈ ਜਿਸ ਦਾ ਅਰਥ ਹੈ ਪਹਾੜਾਂ ਦੀ ਪੁੱਤਰੀ। ਕਿਉਂਕਿ ਪਾਰਬਤੀ ਪਹਿਲੇ ਜਨਮ ਦਕਸ਼ ਪਰਜਾ ਪਤੀ ਦੀ ਲੜਕੀ ਸੀ। ਸ਼ਿਵ ਜੀ ਦੇ ਸਰਾਪ ਕਾਰਨ ਦੂਸਰੇ ਜਨਮ ਉਸ ਨੇ ਹਿਮਾਲਾ ਦੇ ਘਰ ਜਨਮ ਲਿਆ।
2. ਸੁਆਮੀ- ਸੁਆਮੀ ਤੋਂ ਅਰਥ ਸੁਖਦੇਵ ਸੁਆਮੀ ਹੈ। ਅਮਰ ਨਾਥ ਦੀ ਗੁਫ਼ਾ ਵਿੱਚ ਸ਼ਿਵ ਜੀ, ਪਾਰਬਤੀ ਨੂੰ ਅਮਰ ਕਹਾਣੀ ਸੁਣਾਉਂਦੇ ਸਨ ਅਤੇ ਪਾਰਬਤੀ ਹੁੰਗਾਰਾ ਭਰਦੀ ਸੀ। ਇਕ ਤੋਤੇ (ਜਾਂ ਕਬੂਤਰ) ਦੇ ਆਂਡੇ ਵਿਚ ਪਿਆ ਇਕ ਬੱਚਾ ਇਹ ਕਥਾ ਸੁਣ ਰਿਹਾ ਸੀ। ਪਾਰਬਤੀ ਹੁੰਗਾਰਾ ਭਰਦੀ-ਭਰਦੀ ਸੌਂ ਗਈ ਅਤੇ ਉਸ ਦੀ ਥਾਂ ਤੇ ਆਂਡੇ ਵਿਚਲਾ ਬੱਚਾ ਹੁੰਗਾਰਾ ਭਰਨ ਲੱਗਾ। ਜਾਂ ਸ਼ਿਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਸ ਨੂੰ ਮਾਰਨ ਲਈ ਤ੍ਰਿਸ਼ੂਲ ਲੈ ਕੇ ਉਸ ਮਗਰ ਨੱਸੇ, ਪਰ ਕਿਉਂਕਿ ਉਹ ਬੱਚਾ ਅਮਰ ਕਹਾਣੀ ਸੁਣ ਕੇ ਅਮਰ ਹੋ ਚੁੱਕਾ ਸੀ, ਉਹ ਬੱਚਾ ਫਿਰ ਸੁਖਦੇਵ ਸੁਆਮੀ ਦਾ ਅਵਤਾਰ ਹੋ ਕੇ ਜਨਮਿਆ। (ਮੂਲ ਕਹਾਣੀ ਕਾਫੀ ਲੰਬੀ ਹੈ।)

ਮਾਨੋ ਸੁਆਮੀ[2] ਭਰੇ ਹੁੰਗਾਰਾ।
ਮਾਨ ਸਰੋਵਰ ਵਿਚੋਂ ਡਿਗਦੀ,
ਇਸ ਥਾਂ ਤੋ ਗੰਗਾ ਹੈ ਦਿੱਸਦੀ।
ਇਹ ਧਰਤੀ ਟੁਕੜੀ ਵਿਸਮਾਦੀ,
ਏਥੇ ਸੁਣਦੀ ਨਾਦ ਅਨਾਦੀ।
ਇਸ ਧਰਤੀ ਤੇ ਰੂਪ ਰੱਬ ਦਾ,
ਕਸ਼ਪ ਰਿਸ਼ੀ ਵੀ ਸੀ ਇਕ ਵਸਦਾ।
ਆਸ਼ਰਮ ਵੀ ਸੀ ਕਸ਼ਪ ਰਿਸ਼ੀ ਦਾ,
ਅਸਲੀ ਘਰ ਜਿਵੇਂ ਸ਼ਾਂਤੀ ਦਾ।
ਰਾਜੇ ਦੇ ਮਨ ਆਇਆ ਖਿਆਲ,
ਦਰਸ਼ਨ ਕਰ ਹੋਈਏ ਨਿਹਾਲ,
ਖਿੱਚੀਆਂ ਵਾਗਾਂ ਰੁਕ ਗਏ ਘੋੜੇ,
ਵਿਧਿ ਕੋਈ ਵਿਧੀ ਬਨਾਈ ਲੋੜੇ।
ਚੱਲ ਮਾਧਵ ਦਰਸ਼ਨ ਕਰ ਆਈਏ,
ਕੁਝ ਪਲ ਰੱਬ ਦੇ ਲੇਖੇ ਲਾਈਏ।
ਨਾਲ ਸਬੱਬ ਆਏ ਹਾਂ ਚੱਲ,
ਸ਼ਾਇਦ ਕੋਈ ਬਣ ਆਵੇ ਗੱਲ।
ਕੁਝ ਪਲ ਬਾਹਰ ਕਰ ਅਰਾਮ,
ਫੇਰ ਰਿਖੀ ਵੱਲ ਤੁਰੇ ਤਮਾਮ।
ਆਸ਼ਰਮ ਦਾ ਲੰਘੇ ਜਾ ਦੁਆਰ,
ਮਾਨੋ ਮਨ ਵਿਚ ਖਿੜੀ ਬਹਾਰ।
ਤਪਦੇ ਮਨ ਝੱਟ ਹੋਏ ਸ਼ਾਂਤ,
ਚਾਤ੍ਰਿਕ ਡਿੱਗੀ ਬੂੰਦ ਸੁਆਂਤਿ।
ਦੇਖ-ਦੇਖ ਆਭਾ ਆਸ਼ਰਮ ਦੀ,
ਤਪਸ਼ ਬੁਝੀ ਸੜਦੇ ਸੀਨਿਆਂ ਦੀ।
ਜਿਵੇਂ ਜਿਵੇਂ ਅੱਗੇ ਨੂੰ ਜਾਵਣ,
ਮਾਨੋ ਅੰਮ੍ਰਿਤਸਰ ਵਿਚ ਨ੍ਹਾਵਣ।
ਗੁੱਝੀ ਖੁਸ਼ੀ ਕੋਈ ਅਣ-ਆਈ,
ਰਾਜੇ ਦੇ ਮਨ ਵਿਚ ਚੜ੍ਹ ਆਈ।
ਮੈਨੂੰ ਮਾਧਵ ਇਉਂ ਅੱਜ ਭਾਏ,
ਜਿਵੇਂ ਹਾਂ ਸੁਰਗਪੁਰੀ ਚੱਲ ਆਏ।
ਏਥੇ ਮੋਰੀਂ ਲਾਈ ਰੁਣ ਝੁਣ,
ਅਨਹਦ ਨਾਦ ਦੀ ਸੁਣੇ ਸਹਿਜ ਧੁਨ।

ਰੂਹ ਮੇਰੀ ਵਿਚ ਰੰਗ ਰੂਹਾਨੀ,
ਨਸ਼ਾ ਕੋਈ ਚੜ੍ਹਿਆ ਹੈ ਜਾਣੀ।
ਜੀ ਕਰਦਾ ਏਥੇ ਹੀ ਰੁਲ ਜਾਂ,
ਇਸ ਦੀ ਮਹਿਕ ਵਿਚ ਹੀ ਘੁਲ ਜਾਂ।
ਬਿਨਾਂ ਸ਼ਾਂਤੀ ਕੁੱਝ ਨਾ ਹੋਰ,
ਏਥੇ ਨਾ ਦੁਨਿਆਵੀ ਸ਼ੋਰ।
ਇਉਂ ਆਸ਼ਰਮ ਦੀ ਉਪਮਾ ਕਰਦੇ,
ਉਹ ਅੱਗੇ ਨੂੰ ਜਾਣ ਵਿਚਰਦੇ।
ਜਿਵੇਂ ਸਰੋਵਰ ਵਿਚ ਹੰਸ ਤਰਦੇ,
ਉਹ ਮੁਸਕਾਣਾਂ ਜਾਣ ਖਿਲਰਦੇ।

'ਚਾਨਕ ਇਕ ਪਾਸਿਉਂ ਵੰਨੀ,
ਪਿਆ ਸ਼ੋਰ ਰਾਜੇ ਦੇ ਕੰਨੀਂ।
ਕੀ ਹੈ ਏਥੇ ਕੰਮ ਸ਼ੋਰ ਦਾ?
ਕੀ ਮਤਲਬ ਹੈ ਭੰਨ ਤੋੜ ਦਾ?
ਕਿਸਨੇ ਏਥੇ ਸ਼ੋਰ ਮਚਾਇਆ?
ਕਿਸਨੇ ਭੰਗ ਅਮਨ ਵਿਚ ਪਾਇਆ?
ਕੌਣ ਬੂਟਿਆਂ ਤਾਈਂ ਮਰੋੜੇ?
ਕੌਣ ਡਾਲੀਆਂ ਨੂੰ ਮਚਕੋੜੇ?
ਇਉਂ ਕੁਝ ਉਤਸਕਤਾ ਦੇ ਨਾਲ,
ਤੁਰਿਆ ਰਾਜਾ ਤਿੱਖੀ ਚਾਲ।
ਉਸ ਕੋਨੇ ਵੱਲ ਵਧਿਆ ਅੱਗੇ,
ਛੱਡ ਸਾਥੀਆਂ ਨੂੰ ਪਿਛਲੱਗੇ।
ਕੁੱਝ ਝੁੰਡਾਂ ਝਾੜਾਂ ਨੂੰ ਚੀਰ,
ਪਹੁੰਚਾ ਉਸ ਥਾਂ ਆਣ ਅਖੀਰ।
ਉੱਚੀ ਠੇਰੀ ਦੇ ਖੜ੍ਹ ਨਾਲ,
ਦੇਖਿਆ ਰਾਜੇ ਧੌਣ ਉਛਾਲ।

ਇਕ ਬਾਲਕ ਸੁੰਦਰ ਬਲਵਾਨ,
ਜੋ ਉਮਰੋ ਸੀ ਅਜੇ ਨਾਦਾਨ।
ਇਕ ਸ਼ੇਰ ਦੇ ਬੱਚੇ ਤਾਈਂ,
ਖਿੱਚ ਰਿਹਾ ਸੀ ਫੜ ਕੇ ਬਾਹੀਂ।
ਫੜ ਕੇ ਉਸਨੂੰ ਰਿਹਾ ਸੀ ਰੋਲ,

ਝੁੰਡਾਂ ਦੇ ਵਿਚ ਰਿਹਾ ਮਧੋਲ।
ਇਕ ਹੱਥ ਨਾਲ ਪਕੜ ਜੁਬਾੜਾ,
ਦੂਜੇ ਦੇ ਨਾਲ ਲਾਏ ਥਪਾੜਾ।
"ਤੂੰ ਕਿਉਂ ਕੀਤੇ ਏ ਮੂੰਹ ਬੰਦ,
ਮੈਂ ਗਿਣਨੇ ਨੇ ਤੇਰੇ ਦੰਦ।
ਖੋਹਲ ਮੂੰਹ ਓ ਸੂਰ ਦੇ ਬੱਚੇ,
ਦੰਦ ਤੇਰ ਪੱਕੇ ਕਿ ਕੱਚੇ।"
ਇਉਂ ਉਹ ਉਸ ਤੇ ਖਿਝਿਆ ਪੂਰਾ,
ਉਸਨੂੰ ਰੋਲ ਰਿਹਾ ਸੀ ਸੂਰਾ।

ਰਾਜਾ ਹੋਇਆ ਦੇਖ ਹੈਰਾਨ,
ਕਿਸ ਮਰਦ ਦੀ ਇਹ ਸੰਤਾਨ,
ਇਹ ਤਾਂ ਬਾਲਕ ਹੈ ਕੋਈ ਦੈਵੀ,
ਏਸ ਵਿਚ ਹੈ ਸ਼ਕਤੀ ਗੈਬੀ।
ਦੇਖ-ਦੇਖ ਹੋਇਆ ਹੈਰਾਨ,
ਕਰੀਏ ਇਸਦੀ ਜਾਣ-ਪਛਾਣ।

ਇਕ ਤਪੱਸਨੀ ਦੌੜੀ ਆਈ,
ਪਉਂਦੀ ਆਈ ਹਾਲ ਦੁਹਾਈ।
ਕਿਉਂ ਤੂੰ ਇਸਦੇ ਵੈਰ ਪੈ ਗਿਆ,
ਇਸਨੂੰ ਫੜ ਕੇ ਫੇਰ ਬੈਹ ਗਿਆ।
ਇਹ ਜੰਗਲੀ ਜੀਅ ਬੇ-ਜੁਬਾਨ,
ਕਿਉਂ ਤੂੰ ਇਸਨੂੰ ਕਰੇਂ ਹੈਰਾਨ।
ਕੀ ਇਸਨੇ ਕੀਤਾ ਅਪਰਾਧ,
ਕਿਉਂ ਤੂੰ ਇਸ ਸੰਗ ਕਰੇਂ ਫਸਾਦ।
ਜੰਗਲੀ ਜੀਆਂ ਦੀ ਰਖਿਆ ਕਰਨਾ,
ਰਾਜ ਕੁਮਾਰਾਂ ਦਾ ਹੱਕ ਬਣਦਾ।
ਪਰ ਉਸ ਵਲੋਂ ਬੈ-ਪ੍ਰਵਾਹ,
ਬੋਲਿਆ ਬਾਲਕ ਲੱਗਦੇ ਸਾਹ।
ਬੋਲ ਤੋਤਲੇ ਕੁੱਝ ਗੁਸੀਲੇ,
ਬੋਲਿਆ ਅਪਨੇ ਧਿਆਨ ਹਠੀਲੇ।
"ਅੱਜ ਮੈਂ ਇਸਨੂੰ ਬਹੁਤ ਮਾਰਨੈਂ।

ਅੱਜ ਮੈਂ ਇਸ ਦਾ ਢਿੱਡ ਪਾੜਨੈਂ।
ਉਸ ਦੇ ਬੋਲ ਰਾਜੇ ਮਨ ਬਹਿ ਗਏ,
ਮਾਨੋ ਕੱਢ ਕਲੇਜਾ ਲੈ ਗਏ।
ਚਾਹੇ ਉਸਨੂੰ ਗਲ ਨਾਲ ਲਾਇਆ,
ਇਹ ਕੁੱਝ ਆਪਣਾ, ਲੱਗੇ ਪਰਾਇਆ।

ਅੰਤ ਤਪੱਸਨੀ ਨੇ ਵਿਚ ਪੈ ਕੇ,
ਕੁਝ ਖਿਲੌਣੇ ਫਲ ਫੁੱਲ ਦੇ ਕੇ।
ਆਪਣੀ ਉਸ ਪੂਰੀ ਵਾਹ ਲਾਈ,
ਸ਼ੇਰ ਬੱਚੇ ਦੀ ਜਾਨ ਛੁਡਾਈ।

ਦੇਖ ਇਹ ਕੌਤਕ ਖੇਲ ਅਨੋਖਾ,
ਜੋ ਨਾ ਸੁਣਿਆ ਕਦੇ ਦੇਖਿਆ।
ਤੱਕ ਬਾਲਕ ਦੀ ਅਜਬ ਨੁਹਾਰ,
ਰਾਜੇ ਦੇ ਮਨ ਜਾਗਿਆ ਪਿਆਰ।
ਕਿਸ ਪੁਰਖ ਦੀ ਇਹ ਸੰਤਾਨ,
ਕਰੀਏ ਇਸ ਦੀ ਜਾਣ ਪਛਾਣ।

ਇੰਝ ਸੋਚ ਹੋ ਝਾੜੋਂ ਪਾਸੇ,
ਰਾਜਾ ਚੱਲ ਪਿਆ ਉਸ ਪਾਸੇ।
ਜਾ ਤਪਨੀ ਨੂੰ ਕਰੇ ਸੁਆਲ,
ਹੋਇਆ ਕੌਣ ਅਜਬ ਇਹ ਬਾਲ।
ਇਸਦਾ ਦੱਸੋ ਹਾਲ ਹਵਾਲ,
ਮੈਂ ਇਸਨੂੰ ਤੱਕ ਹੋਇਆ ਨਿਹਾਲ।
ਇਹ ਤਾਂ ਮੇਰੇ ਮਨ ਨੂੰ ਮੋਹਦਾਂ,
ਸੀਨੇ ਲਾ ਲਾਂ ਮਨ ਇਹ ਚਾਹੁੰਦਾ।
ਇਸਨੂੰ ਤੱਕ ਮੈਂ ਬਿਹਬਲ ਹੋਇਆ,
ਇਸ ਨੇ ਮਨ ਮੇਰਾ ਹੈ ਮੋਹਿਆ।
ਚੁੱਕ ਬਾਲਕ ਨੂੰ ਗਲੇ ਲਗਾਇਆ,
ਮੋਹ ਦਾ ਸਾਗਰ ਉਮਡ ਆਇਆ।

ਇਕ ਦਮ ਸੋਚੀ ਪੈ ਗਿਆ ਰਾਜਾ,
ਮੈਂ ਹਾਂ ਜੱਗ ਤੇ ਕੇਹਾ ਅਭਾਗਾ।

ਘਰ ਆਈ ਦੌਲਤ ਮੈਂ ਮੋੜੀ।
ਕੀ ਮੈਂ ਜੱਗ ਤੋ ਖੱਟੀ ਖੋੜੀ।
ਫਿਰਦਾ ਦਰ ਦਰ ਧੱਕੇ ਖਾਂਦਾ,
ਹੁਣ ਹਾਂ ਔਤ ਜੱਗ ਤੋ ਜਾਂਦਾ।
ਜੇ ਅਪਨਾ ਲੈਂਦਾ ਮੈਂ ਉਸਨੂੰ,
ਭਰੀ ਹੁੰਦੀ ਝੋਲੀ ਅੱਜ ਵਾਂਗੂੰ।
ਖੜਾ ਖੜਾ ਸੋਚਾਂ ਵਿਚ ਪੈ ਗਿਆ,
ਮਾਨੋ ਗਮ ਦੇ ਸਾਗਰ ਲਹਿ ਗਿਆ।

ਫੇਰ ਚੁਗਿਰਦੇ ਨੂੰ ਪਹਿਚਾਨ,
ਬੋਲਿਆ ਰਾਜਾ ਬਦਲ ਧਿਆਨ।
ਹਾਂ ਦੱਸੋ ਇਹ ਕੌਣ ਨਾਦਾਨ,
ਕਿਸ ਦੀ ਇਹ ਸੁੰਦਰ ਸੰਤਾਨ।
ਕਿਹੜੀ ਕੁੱਖ ਦਾ ਹੈ ਇਹ ਲਾਲ,
ਕੌਣ ਪਿਤਾ ਜਿਸਦਾ ਇਹ ਬਾਲ।

## ਤਪੱਸਨੀ

ਰਾਜ ਰਿਸ਼ੀ ਦੁਸ਼ਿਅੰਤ ਦਾ ਜਾਇਆ,
ਦੁਸ਼ਟ ਦਮਨ ਇਸ ਨਾਮ ਰਖਾਇਆ।
ਸਖੀ ਸ਼ਕੁੰਤਲਾ ਇਸਦੀ ਮਾਈ,
ਜੋ ਕੰਤ ਨੇ ਮਨੋ ਭੁਲਾਈ।
ਵਿਸ਼ਵਾ-ਮਿੱਤ੍ਰ-ਮੇਨਿਕਾ ਜਾਈ,
ਪੁਰਵੰਸ਼ੀ ਦਰ ਤੋ ਠੁਕਰਾਈ।
ਮੇਨਿਕਾ ਭੇਜਿਆ ਸਾਗਮਤੀ ਨੂੰ,
ਜੋ ਏਥੇ ਛੱਡ ਗਿਆ ਦੁਖੀ ਨੂੰ।
ਗਰਭ ਪੀੜ ਤੇ ਪੀੜ ਜੁਦਾਈ,
ਸਾਡੀ ਸਖੀ ਨਾਲ ਲੈ ਆਈ।
ਪੀੜਾਂ ਇਕ ਦਿਨ ਕਰੀ ਅਧੀਰ,
ਜੰਮਿਆ ਇਹ ਪੁਰਵੰਸ਼ੀ ਬੀਰ।
ਰਿਖੀਆਂ ਤੇਜ ਬਾਲ ਦਾ ਤੱਕਿਆ,
ਦੁਸ਼ਟ ਦਮਨ ਤਾਹੀਉਂ ਨਾਂ ਰੱਖਿਆ।
ਨਾਲੇ ਵਰ ਦਿੱਤੇ ਆਪਾਰ,
ਚੱਕਰਵਰਤੀ ਹੋਊ ਕੁਮਾਰ।

ਦੇਖੀਏ ਵਿਧਿ ਕੀ ਬਣਤ ਬਣਾਉਂਦੀ,
ਸਾਨੂੰ ਕੋਈ ਸਮਝ ਨਾ ਆਉਦੀ।
ਜਿਸਨੇ ਨਾਰ ਦਰੋਂ ਠੁਕਰਾਈ,
ਆਪਣੀ ਵਸਤੂ ਜਾਣ ਪਰਾਈ।
ਕਿਵੇਂ ਆਣ ਇਸ ਨੂੰ ਅਪਨਾਊ,
ਕਿਹੜਾ ਉਸਨੂੰ ਜਾ ਸਮਝਾਊ।

ਪਰ ਰਾਜਾ ਸੁਣ ਹੋਇਆ ਬਿਹਬਲ,
ਦਿਲ ਵਿਚ ਕਮਲ ਗਿਆ ਕੋਈ ਖਿਲ।
ਇਹ ਕੀ ਵਿਧਿ ਨੇ ਬਣਤ ਬਣਾਈ,
ਪਿਆਸੇ ਕੋਲ ਨਦੀ ਚੱਲ ਆਈ।
ਚੰਨ ਚਕੋਰ ਨੂੰ ਮਿਲਿਆ ਆ ਕੇ,
ਅੰਮ੍ਰਿਤ ਬੂੰਦ ਪਈ ਮੁੱਖ ਮੁਰਦੇ।

ਦਿਲ ਦੇ ਹਾਵੀ ਭਾਵ ਛੁਪਾ ਕੇ,
ਬੋਲਿਆ ਰਾਜਾ ਨੀਵੀਂ ਪਾ ਕੇ।
ਮੈਂ ਹੀ ਪਾਪੀ ਹਾਂ ਦੁਸ਼ਿਅੰਤ,
ਮੈਂ ਹੀ ਕੂੜ ਪਾਪ ਦਾ ਜੰਤ।
ਮੈਂ ਹੀ ਉਸ ਸੰਗ ਦਗਾ ਕਮਾਇਆ,
ਦਰ ਆਈ ਨੂੰ ਮੈਂ ਠੁਕਰਾਇਆ।
ਅਸੀਂ ਹੋਏ ਰਾਜੇ ਖਲ ਕਾਮੀ,
ਮਨ ਸਾਡੇ ਨੇ ਬੜੇ ਹਰਾਮੀ।
ਅਸੀਂ ਹਾਂ ਅੰਨ ਪਾਪ ਦਾ ਖਾਂਦੇ,
ਕਰਕੇ ਵਾਅਦੇ ਹਾਂ ਭੁੱਲ ਜਾਂਦੇ।
ਬੇ-ਗੁਨਾਹ ਨੂੰ ਫਾਂਸੀ ਲਾਂਦੇ,
ਤਾਹੀਉਂ ਉਮਰਾਂ ਭਰ ਪਛਤਾਂਦੇ।
ਪਤਾ ਨਹੀਂ ਸੀ ਕੋਈ ਸਰਾਪ,
ਆਪਣੀ ਜੜ ਪੱਟੀ ਮੈਂ ਆਪ।
ਮੈਂ ਹਾਂ ਪਾਪੀ ਕੋਈ ਦਰਿੰਦਾ,
ਆਪਣੀ ਕਰਨੀ ਤੋਂ ਸ਼ਰਮਿੰਦਾ।
ਕਿਵੇਂ ਮੈਂ ਉਸਦੇ ਸਨਮੁਖ ਜਾਊ,
ਕਿਵੇਂ ਮੈਂ ਉਸਨੂੰ ਮੁੱਖ ਦਿਖਾਊ।

(ਪਰ) ਮੈਨੂੰ ਕੁਝ ਨਾ ਆਇਆ ਯਾਦ,
ਇਸ ਲਈ ਮੈਂ ਹਾਂ ਨਿਰ ਅਪਰਾਧ।
ਮੁੰਦਰੀ ਦਿੱਤੀ ਦੇਖ ਨਿਸ਼ਾਨੀ,
ਆਈ ਮੈਨੂੰ ਯਾਦ ਕਹਾਣੀ।
ਮੁੰਦਰੀ ਵਾਲੀ ਕੁੱਲ ਕਹਾਣੀ,
ਦੱਸੀ ਰਾਜੇ ਆਪ ਜ਼ੁਬਾਨੀ।
ਇਹ ਸੀ ਗੇੜ ਕੋਈ ਕਿਸਮਤ ਦਾ,
ਇਹ ਤਾਂ ਸੀ ਕੋਈ ਖੇਲ ਖ਼ੁਦਾ ਦਾ।

ਜਾਓ ਸ਼ਕੁੰਤਲਾ ਨੂੰ ਲੈ ਆਓ,
ਉਸ ਤੋਂ ਮੈਨੂੰ ਮਾਫ ਕਰਾਓ।
ਮੈਨੂੰ ਕਰੜੇ ਡੰਨ ਲਗਾਓ,
ਮੇਰੇ ਮੂੰਹ ਤੇ ਥੁੱਕਾਂ ਪਾਓ।
ਮੈਨੂੰ ਥੂਹ-ਥੂਹ ਕਰ ਫਿਟਕਾਰੋ,
ਮੈਨੂੰ ਇੱਟਾਂ ਪੱਥਰ ਮਾਰੋ।
ਮਾਰੋ ਮਾਰੋ ਮੈਨੂੰ ਮਾਰੋ,
ਮੈਨੂੰ ਦੂਰ ਦੂਰ ਕਰ ਦੁਰਕਾਰੋ।
ਗਲ ਵਿਚ ਪੱਲੂ ਮੂੰਹ ਵਿਚ ਘਾਹ,
ਮੈਂ ਮਾਫੀ ਮੰਗਦਾ ਹਾਂ ਪਾ।
ਸੁਣਦੇ ਹੀ ਦੁਸ਼ਿਅੰਤ ਦਾ ਨਾਮ,
ਉਹ ਤਪੱਸਨੀ ਹੋਈ ਹੈਰਾਨ।

ਹੋਰ ਗੱਲਾਂ ਤੋਂ ਬੇ-ਧਿਆਨੀ,
ਉੱਠ ਨੱਸੀ ਝੱਟ ਉਹ ਸੁਆਣੀ।
ਹੋ ਉੱਠੀ ਝੱਟ ਉਹ-ਬੇ ਸਬਰੀ,
"ਨੀ ਸੁਮਿੱਤਰਾ ਸੁਣ ਖੁਸ਼ਖਬਰੀ"।
ਇਕ ਸਖੀ ਨੂੰ ਕਹੇ ਬੁਲਾ ਕੇ,
ਸੁਣੀ ਗੱਲ ਮੇਰੀ ਝੱਟ ਆ ਕੇ।

ਘਰ ਸਾਡੇ ਆਇਆ ਮਹਿਮਾਨ,
ਜਿਸਦੀ ਅਜਬ ਅਲਿਹਦੀ ਸ਼ਾਨ।

---

1. ਕਵਲਾ- ਪਾਰਬਤੀ ਦੇ ਅਨੇਕਾਂ ਨਾਵਾਂ ਵਿੱਚੋਂ ਇਕ ਨਾਮ।

ਖੁਦ ਆਇਆ ਰਾਜਾ ਦੁਸ਼ਿਅੰਤ,
ਸਾਡੀ ਕਵਲਾ[1] ਸਖੀ ਦਾ ਕੰਤ।
ਚੱਲ ਸ਼ਕੁੰਤਲਾ ਨੂੰ ਲੈ ਆਈਏ,
ਸੁੱਕਦੀ ਵੇਲ ਨੂੰ ਪਾਣੀ ਪਾਣੀਏ।
ਚਮਕਿਆ ਉਸਦਾ ਭਾਗ ਸਿਤਾਰਾ,
ਡੁਬਦੀ ਨੂੰ ਮਿਲ ਗਿਆ ਕਿਨਾਰਾ।

ਇਉਂ ਕਹਿ ਨੱਸੀਆਂ ਵਾਹੋ ਦਾਹ,
ਰਲੇ ਖੁਸ਼ੀ ਵਿਚ ਸਾਹ ਨਾ ਸਾਹ।
ਫੁੱਲ ਗਈ ਗੱਲ ਮੂੰਹ ਵਿਚ ਆਈ,
ਰਲ ਮਿਲ ਦੋਨਾਂ ਆਖ ਸੁਣਾਈ।
ਆ ਸਖੀਏ ਅੱਜ ਕੰਤ ਬੁਲਾਵੇ,
ਤੇਰਾ ਮੁੱਖ ਦੇਖਣਾ ਚਾਹਵੇ।
ਉਹ ਚੱਲ ਆਏ ਤੇਰੇ ਦੁਆਰ,
ਖੁਦ ਚੱਲ ਕੇ ਕਰ ਲੈ ਦੀਦਾਰ।
ਚੁੱਕ ਕੇ ਗੋਦੀ ਖੜੇ ਕੁਮਾਰ,
ਉਸ ਢੱਕੀ ਦੇ ਪਰਲੇ ਪਾਰ।
ਭੁੱਲ ਗਏ ਤੈਨੂੰ ਵੱਸ ਸਰਾਪ,
ਅਣਜਾਣੇ ਹੋਇਆ ਇਹ ਪਾਪ।

ਉਸ ਘੜੀ ਨੂੰ ਪਛਤਾਂਦੇ ਨੇ,
ਤੈਨੂੰ ਤੱਕਣੋ ਘਬਰਾਂਦੇ ਨੇ।
ਉਂਝ ਤੇਰੇ ਬਿਨ ਹੈ ਅਵਜ਼ਾਰ,
ਖੁਦ-ਖੁਦ ਨੂੰ ਪਉਂਦੇ ਫਿਟਕਾਰ।
ਉਹੋ ਹੀ ਹੈ ਰਾਜਾ ਦੁਸ਼ਿਅੰਤ,
ਸਾਨੂੰ ਨਹੀਂ ਸ਼ੱਕ ਦਾ ਅੰਸ਼।
ਪਿਓ ਪੁੱਤਰ ਦੀ ਇਕ ਨੁਹਾਰ,
ਰਾਜੇ ਤੇ ਹੈ ਰਾਜ ਕੁਮਾਰ।

ਸੁਣ ਸ਼ਕੁੰਤਲਾ ਦੇਹ ਸੁੰਨ ਹੋਈ,
ਮਨ ਵਿਚ ਖੁਸ਼ੀ ਨਾ ਜਾਏ ਸਮੋਈ।
ਫੇਰ ਉਹ ਮਨ ਹੀ ਮਨ ਘਬਰਾਵੇ,
"ਐਵੇਂ ਤੁਹਾਨੂੰ ਭਰਮ ਪਿਆ ਵੇ।"

ਮੈਂ ਤੱਤੜੀ ਨੂੰ ਕੌਣ ਬੁਲਾਵੇ,
ਕੌਣ ਅਸਾਂ ਨੂੰ ਮਿਲਣਾ ਚਾਹਵੇ।

ਕਿੱਥੇ ਪੁਰਵੰਸ਼ੀ ਦੁਸ਼ਿਅੰਤ,
ਕਿੱਥੇ ਮੈਂ ਤੱਤੜੀ ਬਿਨ ਤੰਤ।
ਕਿੱਥੇ ਰਾਜਾ ਭੋਜ ਚੰਬੇਲੀ,
ਕਿੱਥੇ ਮੈਂ ਜਿਹੀ ਗੰਗਾ ਤੇਲੀ।
ਕਿੱਥੇ ਰਾਮ ਨਾਮ ਧੁਨ ਬਾਣੀ,
ਕਿੱਥੇ ਟੈਂ-ਟੈਂ ਕੂੜ ਕਹਾਣੀ।
ਕਿੱਥੇ ਸੋਲਾਂ ਕਲਾ ਸੰਪੂਰਨ,
ਕਿੱਥੇ ਮੈਂ ਜਿਹੀ ਨਾਰ ਅਪੂਰਨ।
ਕਿਥੇ ਸੂਰਜ ਕਿਥੇ ਦੀਵਾ,
ਕੀ ਮੁਕਾਬਲਾ ਮੇਰਾ ਉਸਦਾ।
ਉਹ ਚੱਲ ਆਏ ਮੇਰੇ ਦੁਆਰੇ,
ਕਿਥੇ ਸਾਡੇ ਭਾਗ ਸਿਤਾਰੇ ?
ਖੂਹ ਆਵੇ ਚੱਲ ਪਿਆਸੇ ਦੇ ਘਰ,
ਇਹ ਹੋ ਸਕਦਾ ਨਹੀਂ ਸਰਾਸ਼ਰ।

## ਸਖੀਆਂ

ਨਾ ਨੀ ਸਖੀਏ ਬੋਲ ਕਬੋਲ,
ਚੱਲ ਦੀਦਾਰ ਦੀ ਭਰ ਲੈ ਝੋਲ।
ਪੀ ਲੈ ਭਰ ਨੈਣਾਂ ਚੋਂ ਪਾਣੀ,
ਤੈਂ ਦਰ ਆਈ ਜੋਤ ਰੂਹਾਨੀ।
ਮੰਨ ਮਨੌਤਾਂ ਪੀਰ ਧਿਆ ਲੈ,
ਚੱਲ ਕੇ ਰੁੱਸਾ ਕੰਤ ਮਨਾ ਲੈ।
ਕਰੀਂ ਜੋਦੜੀ ਪਾ ਪੱਲੂ ਗੱਲ,
ਨੰਗੇ ਪੈਰੀਂ ਖ਼ੁਦ ਤੁਰ ਕੇ ਚੱਲ।

ਘਰ ਆਇਆ ਮਹਿਮਾਨ ਨਾ ਮੋੜੀਂ,
ਖ਼ੁਦ ਆਇਆ ਭਗਵਾਨ ਨਾ ਮੋੜੀਂ।
ਕਿਸਮਤ ਦਾ ਵਰਦਾਨ ਨਾ ਮੋੜੀਂ,
ਨਾ ਮੋੜੀਂ ਦਿਲ ਜਾਨ ਨਾ ਮੋੜੀਂ।

ਦਿਲ ਵਿਚ ਗੁੱਝੀ ਖੁਸ਼ੀ ਦਬਾ ਕੇ,
ਤੁਰੀ ਸ਼ਕੁੰਤਲਾ ਕੁਝ ਸ਼ਰਮਾ ਕੇ।
ਸ਼ਾਲਾ! ਹੋਏ ਨਾ ਕੋਈ ਛਲਾਵਾ,
ਹੋਰ ਨਾ ਭਾਗ ਲਏ ਪਰਤਾਵਾ।
ਫੇਰ ਨਾ ਜ਼ਖ਼ਮ ਹਰੇ ਹੋ ਜਾਵਣ,
ਫੇਰ ਨਾ ਮੇਘ ਮੁਸੀਬਤ ਆਵਣ।
ਰੱਬਾ ਰੱਖੀ ਲਾਜ ਅਸਾਂ ਦੀ,
ਮੈਂ ਦੁਖਿਆਰੀ ਹਾਂ ਕਰਮਾਂ ਦੀ।
ਤੈਂ ਹੱਥ ਡੋਰੀ ਕਰਾਂ ਦੁਆਵਾਂ,
ਜਿੱਤੀ ਬਾਜੀ ਹਾਰ ਨਾ ਜਾਵਾਂ।
ਦਰ ਆਈ ਦੀ ਰੱਖੀਂ ਲਾਜ,
ਵਾਂਗ ਸੁਦਾਮਾ ਧ੍ਰੂ ਪ੍ਰਹਿਲਾਦ।

ਤੂੰ ਬਖ਼ਸ਼ੇ ਤਾਂ ਪਾਪ ਬਿਨਾਸਨ,
ਤੂੰ ਬਖ਼ਸ਼ੇ ਬਹੀਏ ਸੁਖ ਆਸਨ।
ਤੂੰ ਬਖ਼ਸ਼ੇ ਮਿੱਟ ਜਾਣ ਵਿਛੋੜੇ,
ਤੂੰ ਬਖ਼ਸ਼ੇ ਪਾਣੀ ਨਾ ਬੋੜੇ।
ਤੂੰ ਬਖ਼ਸ਼ੇ ਰੁੱਸੇ ਮੰਨ ਜਾਵਣ,
ਤੂੰ ਬਖ਼ਸ਼ੇ ਝੋਰੇ ਮਿਟ ਜਾਵਣ।
ਮੇਰੀ ਗਣਤ ਗਣੀਂ ਨਾ ਕਾਈ,
ਬਾਂਹ ਫੜੀ ਦੀ ਲਾਜ ਨਿਭਾਈ।
ਤੂੰ ਬਖ਼ਸ਼ੇ ਤਾਂ ਕੀ ਵਡਿਆਈ,
ਤੇਰੀ ਉਪਮਾ ਤੁੱਧ ਬਨ ਆਈ।

ਮੰਨ ਮਨੌਤਾਂ ਤੁਰਦੀ ਜਾਵੇ,
ਪਲ ਪਲ ਮਨ ਸੌ ਡੋਲੇ ਖਾਵੇ।
ਰੱਬਾ! ਹੁਣ ਤਾਂ ਮੇਲ ਮਿਲਾਦੇ,
ਸ਼ਾਲਾ! ਵਿੱਛੜੇ ਯਾਰ ਮਿਲਾਦੇ।

ਮਾਖਰ ਝੁੰਡਾਂ ਦੀ ਵਿੱਥ ਥਾਣੀਂ,
ਟੇਢੀ ਨਜ਼ਰੇ ਤੱਕਿਆ ਰਾਣੀਂ।
ਦਿਲ ਦੇ ਵਿੱਚੋਂ ਬਿਜਲੀ ਵਹਿ ਗਈ,

ਸਾਬਣ ਤਾਰ ਚੀਰ ਕੇ ਲੈ ਗਈ।
ਇਹ ਤਾਂ ਠੀਕ ਉਹੀ ਦੁਸ਼ਿਅੰਤ,
ਮਰੇਾ ਪ੍ਰੀਤਮ- ਮੇਰਾ ਕੰਤ।
ਹੁਣ ਨਾ ਕਰ ਜਾਵੇ ਮੁਖ ਪਾਸੇ,
ਦੇਖਾਂ ਰੱਜ ਕੇ ਨੈਣ ਤਰਾਸ਼ੇ।
ਹੁਣ ਨਾ ਕਿਧਰੇ ਮੁਖ ਭੁਆਵੇ,
ਝਾੜ ਝੁੰਡ ਕੋਈ ਵਿਚ ਨਾ ਆਵੇ।
ਏਥੇ ਹੀ ਖੜ ਰੱਜ ਕੇ ਤੱਕਲਾਂ,
ਰੱਜ ਕੇ ਝੋਲ ਦੀਦ ਦੀ ਭਰਲਾਂ।
ਕੁਝ ਪਲ ਖੜ ਕੇ ਵਿੱਥਾਂ ਥਾਣੀਂ,
ਰੱਜ ਤੱਕਿਆ ਦਿਲਬਰ ਜਾਨੀ।

ਫੇਰ ਤਾਂ ਰੋਕਿਆ ਮਨ ਨਾ ਰੁਕਿਆ,
ਬੱਦਲ ਕੋਈ ਪ੍ਰੇਮ ਦਾ ਫੁਟਿਆ।
ਚੱਲੀ ਇਸ਼ਕ ਤੂਫਾਨ ਹਨ੍ਹੇਰੀ,
ਢੱਠੀ ਆਣ ਸਬਰ ਦੀ ਢੇਰੀ।
ਦਰਦ ਚੀਸ ਦੀ ਪਈ ਦੁਹਾਈ,
ਹੁਣ ਨਾ ਝੱਲੀ ਜਾਏ ਜੁਦਾਈ।
ਅੱਖੀਂ ਦੇਖ ਨਾ ਜਰਿਆ ਜਾਵੇ,
ਹੁਣ ਨਾ ਵਿਚ ਵਿਚੋਲਾ ਆਵੇ।
ਦਿਲ ਵਿਚ ਪ੍ਰੇਮ ਮਾਰੀਆਂ ਛੱਲਾਂ,
ਭੁੱਲੀ ਲੱਜ ਸ਼ਰਮ ਦੀਆਂ ਗੱਲਾਂ।
ਉਮਡ ਗਿਆ ਦਿਲ ਮੱਲੋ-ਮੱਲੀ,
ਦੌੜੀ ਵਾਂਗ ਸ਼ੁਦਾਈਆਂ ਝੱਲੀ।
ਲਿਪਟੀ ਸੰਗ ਪੀਆਂ ਦੇ ਜਾ ਕੇ,
ਦਿਲ ਜੋਂ ਸ਼ਰਮ ਸ਼ਰ੍ਹਾਂ ਦੀ ਲਾਹ ਕੇ।
ਦੁੱਖਾਂ ਦਰਦਾਂ ਪੀੜਾਂ ਮਾਰੀ,
ਤਰਲੇ ਮਿੰਨਤਾਂ ਕਰੇ ਵਿਚਾਰੀ।

ਹੁਣ ਤੂੰ ਮੈਨੂੰ ਛੱਡ ਨਾ ਜਾਵੀਂ,
ਹੁਣ ਨਾ ਰੋਗ ਜੁਦਾਈ ਲਾਵੀਂ।

ਹੁਣ ਨਾ ਹੋਰ ਲਵੀਂ ਪਰਤਾਵਾ,
ਹੁਣ ਨਾ ਪੀੜ ਸਹਿਣ ਦਾ ਦਾਵਾ।

ਤੂੰ ਹੈਂ ਮੇਰਾ ਪਰਬਤ ਉਹਲਾ,
ਤੂੰ ਹੀ ਮੇਰਾ ਮਿੱਤਰ ਵਿਚੋਲਾ।
ਤੂੰ ਗੰਗਾ ਮੈਂ ਨਦੀ ਨਖਾਸੀ,
ਤੂੰ ਚੰਦਨ ਮੈਂ ਰਿੰਡ ਉਦਾਸੀ।
ਤੂੰ ਪਹਾੜ ਮੈਂ ਪੱਥਰ ਰੋੜੀ,
ਤੂੰ ਗੁਲਾਬ ਮੈਂ ਥੋਰ ਮਥੋਰੀ।
ਤੂੰ ਗਉਰਾ ਮੈਂ ਹੋਛੀ ਊਰੀ,
ਕੋਹੇ-ਨੂਰ ਤੂੰ, ਮੈਂ ਬੇ-ਨੂਰੀ।
ਅਰਮਾਨਾਂ ਦੀ ਵਰਤ ਜ਼ੁਬਾਨ,
ਕਹਿ ਗਈ ਦਰਦ ਭਰੀ ਦਸਤਾਨ।

## ਦੁਸ਼ਿਅੰਤ

ਆ ਦਿਲਬਰ ਸੀਨੇ ਲੱਗ ਆ ਕੇ,
ਦਿਲ ਦੀ ਬਿਰਥਾਂ ਕਹਾ ਸੁਣਾ ਕੇ।

ਮੈਂ ਪਾਪੀ ਨਾ ਬਖਸ਼ਣ ਵਾਰਾ,
ਮੈਂ ਵਿਭਚਾਰੀ ਮੈਂ ਹਤਿਆਰਾ।

ਅੱਕ੍ਰਿਤਘਣ ਕੋਈ ਲੂਣ ਹਰਾਮੀ,
ਲੋਭੀ ਹੀਣ ਨੀਚ ਖਲ ਕਾਮੀ।

ਮੈਂ ਅਪਰਾਧੀ ਡਾਹਢਾ ਭਾਰਾ,
ਮੈਂ ਮਾਨਵਤਾ ਹੀਣ ਨਿਕਾਰਾ।

ਅਵ-ਗੁਣਿਆਰੇ ਨੂੰ ਅਪਨਾ ਲੈ,
ਆ ਦਿਲਬਰ ਸੀਨੇ ਸੰਗ ਲਾ ਲੈ।

ਪ੍ਰੇਮ ਦੁਪਾਸੀ ਖਿੱਚ ਵਧਾਈ,
ਮਿਲੇ ਗਲੀਂ ਮਿਟ ਗਈ ਜੁਦਾਈ।

ਲਿਪਟ ਗਏ ਉਹ ਇਕ ਦੂਜੇ ਨੂੰ,
ਮਿਕਨਾਤੀਸ ਜਿਵੇਂ ਲੋਹੇ ਨੂੰ।

ਜਿਉਂ ਪਾਣੀ ਪਾਣੀ ਸੰਗ ਮਿਲਿਆ,
ਸਾਹ ਕੋਈ ਹਵਾ ਵਿਚ ਜਾ ਰਲਿਆ।

ਦਿਲ ਦਿਲਬਰ ਸੰਗ ਸੀਨੇ ਬਾਲ,
ਦੋਨੇ ਚੁੰਮ ਚੁੰਮ ਹੋਏ ਬੇਹਾਲ।

ਹੋਇਆ ਵਸਲ ਤੇ ਮਿਟੇ ਵਿਸੂਰੇ,
ਦਿਲ ਵਿਚ ਵੱਜੇ ਅਨਹਦ ਤੂਰੇ।

..........................................................................

ਆਓ ਮਿਲ ਵੰਡੀਏ ਗੁੜ ਰੋੜੀ,
ਮਿਲ ਗਈ ਟਿੱਚ ਬਟਨਾਂ ਦੀ ਜੋੜੀ।